# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮਿਤੀ 29 ਜੂਨ, 2015 (ਸੋਮਵਾਰ) ਨੂੰ ਸਵੇਰੇ 11.30 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।**

**ਹਾਜ਼ਰ:**

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਡਾ. ਗੁਰਨਾਮ ਕੌਰ ਬੇਦੀ,
   ਨੁਮਾਇੰਦਾ, ਪ੍ਰਿੰਸੀਪਲ ਸਕੱਤਰ, ਉਚੇਰੀ ਸਿੱਖਿਆ ਵਿਭਾਗ
3. ਡਾ. ਪਰਮਜੀਤ ਸਿੰਘ,
   ਡੀਨ, ਅਕਾਦਮਿਕ ਮਾਮਲੇ
4. ਡਾ. ਏ.ਜੇ.ਐਸ. ਭੰਵਰ,
   ਡੀਨ, ਲਾਈਫ ਸਾਇੰਸਜ਼ ਫੈਕਲਟੀ।
5. ਡਾ. (ਮਿਸਿਜ਼) ਜਸਮੀਤ ਸੰਧੂ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ।
6. ਡਾ. ਅੰਮ੍ਰਿਤਪਾਲ ਕੌਰ,
   ਪ੍ਰੋਫੈਸਰ ਅਤੇ ਮੁਖੀ, ਲਾਇਬ੍ਰੇਰੀ ਤੇ ਇਨਫਰਮੇਸ਼ਨ ਸਾਇੰਸ ਵਿਭਾਗ।
7. ਸ਼੍ਰੀਮਤੀ ਭੁਪਿੰਦਰ ਕੌਰ,
   ਪ੍ਰਿੰਸੀਪਲ, ਸਰਕਾਰੀ ਕਾਲਜ, ਗੁਰਦਾਸਪੁਰ।
8. ਡਾ. ਸੁਖਬੀਰ ਕੌਰ,
   ਪ੍ਰਿੰਸੀਪਲ, ਖਾਲਸਾ ਕਾਲਜ ਫਾਰ ਵੂਮੈਨ।
9. ਡਾ. ਡੀ.ਐਨ. ਜੌਹਰ, ਚੰਡੀਗੜ੍ਹ।
10. ਸ. ਜਗਦੀਸ਼ ਸਿੰਘ, ਅੰਮ੍ਰਿਤਸਰ।
11. ਡਾ. ਸ਼ਰਨਜੀਤ ਸਿੰਘ ਢਿੱਲੋਂ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ-ਡਾ. ਐਚ.ਐਸ. ਭਾਟੀਆ ਅਤੇ ਡਾ. (ਮਿਸਿਜ਼) ਰੁਪਿੰਦਰਜੀਤ ਕੌਰ ਗਰੇਵਾਲ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਦੱਸਿਆ ਕਿ ਸਿੰਡੀਕੇਟ ਉੱਤੇ ਡਾ. (ਮਿਸਿਜ਼) ਜਸਮੀਤ ਸੰਧੂ ਅਤੇ ਡਾ. ਸੁਖਬੀਰ ਕੌਰ ਦੀ

ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 18.3.2015 ਦੀ ਕਾਰਵਾਈ ਦੀ ਸੋਧ ਸਹਿਤ ਪੁਸ਼ਟੀ ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 18.3.2015 ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 34, 40, 64 ਅਤੇ 70 ਵਿਚ ਹੇਠ ਲਿਖੀ ਸੋਧ ਸਹਿਤ ਕੀਤੀ ਜਾਂਦੀ ਹੈ:-

**ਪੈਰਾ ਨੰ: 34**

ਉਕਤ ਮੱਦ ਦੀ ਅੰਤਿਕਾ ਦੇ ਪੰਨਾ ਨੰ: 1 ਅਤੇ 2 ਰੱਦ ਸਮਝੇ ਜਾਣ ਅਤੇ ਪੰਨਾ ਨੰ: 3 'ਤੇ Vocational subjects ਦੇ ਬਣਾਏ ਗਰੁੱਪਾਂ ਨੂੰ ਸੈਸ਼ਨ 2015-16 ਤੋਂ ਲਾਗੂ ਸਮਝਿਆ ਜਾਵੇ।

**ਪੈਰਾ ਨੰ: 40**

ਮੱਦ ਨੰ: 40 ਨੂੰ ਹੇਠ ਲਿਖੇ ਅਨੁਸਾਰ ਪੜਿਆ ਜਾਵੇ:-

**ਪਾਸ ਹੋਇਆ** ਕਿ ਮਨੋਵਿਗਿਆਨ ਵਿਭਾਗ ਵਿਖੇ ਜੂਨੀਅਰ ਟੈਕਨੀਸ਼ੀਅਨ ਦੀ ਅਸਾਮੀ ਲਈ ਯੋਗਤਾਵਾਂ ਹੇਠ ਲਿਖੇ ਅਨੁਸਾਰ ਨਿਰਧਾਰਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. B.A. with subject of Psychology (at least 2nd Division).

   OR

   Masters in Psychology with 2nd Division.

2. Punjabi upto Matric Standard is essential.

**ਪੈਰਾ ਨੰ: 64**

ਮਤੇ ਦੀ ਪਹਿਲੀ ਲਾਈਨ ਵਿਚ ਸ਼ਬਦ "ਸੀਨੀਅਰ ਟੈਕਨੀਸ਼ੀਅਨ" ਦੀ ਥਾਂ 'ਤੇ ਸ਼ਬਦ "ਟੈਕਨੀਸ਼ੀਅਨ" ਪੜ੍ਹਿਆ ਜਾਵੇ।

**ਨੋਟ:-** ਇਸ ਸਬੰਧੀ ਪ੍ਰਵਾਨਗੀ ਉਪ-ਕੁਲਪਤੀ ਸਾਹਿਬ ਵੱਲੋਂ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਦਿੱਤੀ ਗਈ ਹੈ।

**ਪੈਰਾ ਨੰ: 70**

ਮਤੇ ਦੀ ਪਹਿਲੀ ਲਾਈਨ ਵਿਚ ਸ਼ਬਦ "ਸ੍ਰੀ ਬ੍ਰਿਜ ਭੂਸ਼ਨ ਸ਼ਰਮਾ" ਦੀ ਥਾਂ 'ਤੇ "ਮੈਸ. ਬ੍ਰਿਜ ਸ਼ਰਮਾ ਐਂਡ ਕੰਪਨੀ" ਪੜ੍ਹਿਆ ਜਾਵੇ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 18.3.2015 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 18.3.2015 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਡਾ. ਗੁਰਮੀਤ ਸਿੰਘ, ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।**

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉਤੇ ਦਰਜ ਸਟੈਚਿਊਟ 3 ਅਧੀਨ ਡਾ. ਗੁਰਮੀਤ ਸਿੰਘ, ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ ਨੂੰ ਮਿਤੀ 22.5.2015 ਤੋਂ 30.6.2015 ਤੱਕ ਅਤੇ ਮਿਤੀ 1.7.2015 ਤੋਂ 1.12.2016 ਤੱਕ (60 ਸਾਲ ਦੀ ਉਮਰ ਹੋਣ ਤੱਕ) ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

**ਸਬੰਧਤ ਅਧਿਆਪਕਾਂ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ।**

4. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਮਿਤੀ 1.7.2015 ਤੋਂ ਤਿੰਨ ਸਾਲ ਲਈ ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ ਅਤੇ ਅਹੁਦਾ** | **ਵਿਭਾਗ** |
|---|---|---|
| 1. | ਡਾ. ਅਰਵਿੰਦਰ ਕੌਰ, ਪ੍ਰੋਫੈਸਰ | ਜੁਆਲੋਜੀ ਵਿਭਾਗ |
| 2. | ਡਾ. ਦਲਬੀਰ ਸਿੰਘ, ਐਸੋਸੀਏਟ ਪ੍ਰੋਫੈਸਰ | ਸੰਸਕ੍ਰਿਤ ਵਿਭਾਗ |
| 3. | ਡਾ. ਬਲਮੀਤ ਸਿੰਘ ਗਿੱਲ, ਐਸੋਸੀਏਟ ਪ੍ਰੋਫੈਸਰ | ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ |
| 4. | ਡਾ. ਸ਼ਿਆਮਲ ਕੋਲੇ, ਐਸੋਸੀਏਟ ਪ੍ਰੋਫੈਸਰ | ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਵਿਭਾਗ |
| 5. | ਮਿਸਿਜ਼ ਮੀਨਾਕਸ਼ੀ ਸਿੰਘਾਲ, ਐਸੋਸੀਏਟ ਪ੍ਰੋਫੈਸਰ | ਆਰਕੀਟੈਕਚਰ ਵਿਭਾਗ |
| 6. | ਡਾ. ਮੋਹਨ ਕੁਮਾਰ, ਐਸੋਸੀਏਟ ਪ੍ਰੋਫੈਸਰ | ਵਿਦੇਸ਼ੀ ਭਾਸ਼ਾਵਾਂ ਵਿਭਾਗ |

**ਡਾ. ਪੈਮੀ ਮਨਚੰਦਾ, ਪ੍ਰੋਫੈਸਰ, ਗਣਿਤ ਵਿਭਾਗ ਨੂੰ ਵਿਦੇਸ਼ ਵਿਖੇ ਬਿਨਾਂ ਕਿਸੇ ਵਿੱਤੀ ਸਹਾਇਤਾ ਤੋਂ ਕਾਨਫਰੰਸ ਵਿਚ ਭਾਗ ਲੈਣ ਦੀ ਆਗਿਆ ਦੀ ਪੁਸ਼ਟੀ/ ਡਿਊਟੀ ਲੀਵ ਦੀ ਆਗਿਆ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪੈਮੀ ਮਨਚੰਦਾ, ਪ੍ਰੋਫੈਸਰ, ਗਣਿਤ ਵਿਭਾਗ ਨੂੰ Petersburg, Russia ਵਿਖੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 18.6.2015 ਤੋਂ 23.6.2015 ਤੱਕ ਹੋ ਰਹੀ International Conference "Wavelets and Applications" ਵਿਚ ਬਿਨਾਂ ਕਿਸੇ ਵਿੱਤੀ ਸਹਾਇਤਾ ਤੋਂ ਭਾਗ ਲੈਣ ਦੀ ਆਗਿਆ ਦਿੱਤੀ ਹੈ।

(ਅ) ਡਾ. ਪੈਮੀ ਮਨਚੰਦਾ, ਪ੍ਰੋਫੈਸਰ, ਗਣਿਤ ਵਿਭਾਗ ਨੂੰ Beijing, China ਵਿਖੇ ਮਿਤੀ 10-14 ਅਗਸਤ, 2015 ਨੂੰ ਹੋ ਰਹੀ "8th International Congress of Industrial and Applied Mathematics-ICIAM 2015" ਵਿਚ ਬਿਨਾਂ ਕਿਸੇ ਵਿੱਤੀ ਸਹਾਇਤਾ ਤੋਂ ਭਾਗ ਲੈਣ ਲਈ ਮਿਤੀ 10.8.2015 ਤੋਂ 14.8.2015 ਤੱਕ (5 ਦਿਨ) ਦੀ ਡਿਊਟੀ ਲੀਵ (ਸਮੇਤ 8.8.2015-9.8.2015 ਅਗੇਤਰੀਆਂ ਛੁੱਟੀਆਂ ਅਤੇ 15.8.2015-16.8.2015 ਪਿਛੇਤਰੀਆਂ ਛੁੱਟੀਆਂ) ਦੀ ਆਗਿਆ ਦਿੱਤੀ ਜਾਂਦੀ ਹੈ।

**ਡਾ. ਬਲਜਿੰਦਰ ਸਿੰਘ ਬੱਲ, ਅਸਿਸਟੈਂਟ ਪ੍ਰੋਫੈਸਰ, ਫਿਜ਼ੀਕਲ ਐਜੂਕੇਸ਼ਨ (ਟੀਚਿੰਗ) ਵਿਭਾਗ ਨੂੰ ਪੂਰੀ ਤਨਖਾਹ 'ਤੇ ਯੂ.ਜੀ.ਸੀ. ਰਿਸਰਚ ਅਵਾਰਡ ਅਵੇਲ ਕਰਨ ਦੀ ਆਗਿਆ ਦੀ ਪੁਸ਼ਟੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਬਲਜਿੰਦਰ ਸਿੰਘ ਬੱਲ, ਅਸਿਸਟੈਂਟ ਪ੍ਰੋਫੈਸਰ, ਫਿਜ਼ੀਕਲ ਐਜੂਕੇਸ਼ਨ (ਟੀਚਿੰਗ) ਵਿਭਾਗ ਨੂੰ ਸਾਲ 2014-16 ਲਈ ਯੂ.ਜੀ.ਸੀ. ਰਿਸਰਚ ਅਵਾਰਡ ਅਵੇਲ ਕਰਨ ਲਈ ਮਿਤੀ 1.4.2015 ਤੋਂ ਦੋ ਸਾਲ ਲਈ ਪੂਰੀ ਤਨਖਾਹ 'ਤੇ ਸਟੱਡੀ ਲੀਵ ਪ੍ਰਦਾਨ ਕੀਤੀ ਹੈ।

(ਅ) (i) ਡਾ. ਬਲਜਿੰਦਰ ਸਿੰਘ ਬੱਲ, ਅਸਿਸਟੈਂਟ ਪ੍ਰੋਫੈਸਰ, ਫਿਜ਼ੀਕਲ ਐਜੂਕੇਸ਼ਨ (ਟੀਚਿੰਗ) ਵਿਭਾਗ ਨੂੰ ਸਾਲ 2014-16 ਲਈ ਯੂ.ਜੀ.ਸੀ. ਰਿਸਰਚ ਅਵਾਰਡ ਦੋ ਸਾਲ ਲਈ ਅਵੇਲ ਕਰਨ ਦੀ ਆਗਿਆ ਦਿੱਤੀ ਹੈ।

(ii) ਉਕਤ (ੳ) ਅਧੀਨ ਮਿਤੀ 1.4.2015 ਤੋਂ ਦੋ ਸਾਲ ਲਈ ਪ੍ਰਵਾਨ ਕੀਤੀ ਸਟੱਡੀ ਲੀਵ ਰੱਦ ਕੀਤੀ ਹੈ।

(iii) ਉਕਤ ਫੈਲੋਸ਼ਿਪ ਦੇ ਸਮੇਂ ਦੌਰਾਨ ਡਾ. ਬਲਜਿੰਦਰ ਸਿੰਘ ਬੱਲ ਨੂੰ ਪੂਰੀ ਤਨਖਾਹ ਅਤੇ CPF/GPF ਲਾਭ ਦਿੱਤੇ ਜਾਣਗੇ।

(iv) ਫੈਲੋਸ਼ਿਪ ਦੇ ਸਮੇਂ ਦੌਰਾਨ ਡਾ. ਬਲਜਿੰਦਰ ਸਿੰਘ ਬੱਲ ਸਿਰਫ ਯੂ.ਜੀ.ਸੀ. ਵੱਲੋਂ ਰਿਸਰਚ ਗ੍ਰਾਂਟ ਹੀ ਪ੍ਰਾਪਤ ਕਰਨਗੇ, ਉਹ ਪੂਰਾ Teaching workload ਲੈਣਗੇ ਅਤੇ ਵਿਭਾਗ ਨਾਲ ਸਬੰਧਤ ਦੂਸਰੀਆਂ ਡਿਊਟੀਆਂ ਵੀ ਨਿਭਾਉਣਗੇ।

**ਡਾ. ਸੁਰਿੰਦਰ ਪਾਲ ਸਿੰਘ, ਅਸਿਸਟੈਂਟ ਪ੍ਰੋਫੈਸਰ, ਗਣਿਤ ਵਿਭਾਗ ਦੇ ਅਸਤੀਫੇ ਦੀ ਪ੍ਰਵਾਨਗੀ।**

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸੁਰਿੰਦਰ ਪਾਲ ਸਿੰਘ, ਅਸਿਸਟੈਂਟ ਪ੍ਰੋਫੈਸਰ, ਗਣਿਤ ਵਿਭਾਗ ਦੇ ਬੇਨਤੀ ਪੱਤਰ ਮਿਤੀ 9.3.2015 ਨੂੰ ਤਿੰਨ ਮਹੀਨੇ ਦਾ ਨੋਟਿਸ ਪੀਰੀਅਡ ਮੰਨਦਿਆਂ ਮਿਤੀ 29.7.2015 ਤੋਂ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਕੀਤਾ ਜਾਂਦਾ ਹੈ।

**ਡਾ. ਦੀਪ ਕਮਲ ਕੌਰ, ਅਸਿਸਟੈਂਟ ਪ੍ਰੋਫੈਸਰ, ਈ.ਸੀ.ਈ. ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਵਿਦੇਸ਼ ਵਿਖੇ ਸਿੰਪੋਜ਼ੀਅਮ ਵਿਚ ਰਿਸਰਚ ਪੇਪਰ ਪੇਸ਼ ਕਰਨ ਲਈ ਡਿਊਟੀ ਲੀਵ ਅਤੇ ਕਮਾਈ ਛੁੱਟੀ ਦੀ ਪੁਸ਼ਟੀ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਦੀਪ ਕਮਲ ਕੌਰ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰਾਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ University of Calgary, Canada ਵਿਖੇ ਮਿਤੀ 18-20 ਮਈ, 2015 ਨੂੰ ਹੋ ਰਹੇ "5th International Symposium on Micro and Nano Technology (5th ISMNT)" ਵਿਚ ਰਿਸਰਚ ਪੇਪਰ ਪੇਸ਼ ਕਰਨ ਲਈ ਮਿਤੀ 15.5.2015 ਤੋਂ 21.5.2015 ਤੱਕ ਡਿਊਟੀ ਲੀਵ (including journey days) ਅਤੇ ਮਿਤੀ 22.5.2015 ਤੋਂ 29.5.2015 ਤੱਕ (8 ਦਿਨ) (ਸਮੇਤ ਪਿਛੇਤਰੀਆਂ ਛੁੱਟੀਆਂ ਮਿਤੀ 30-31 ਮਈ, 2015) ਕਮਾਈ ਛੁੱਟੀ ਪ੍ਰਵਾਨ ਕੀਤੀ ਹੈ।

**ਡਾ. ਪੀ.ਕੇ. ਸਹਿਜਪਾਲ, ਪ੍ਰੋਫੈਸਰ (ਰਿਟਾ.) (ਮੁੜ-ਨਿਯੁਕਤ), ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਨੂੰ ਗਰਮੀਆਂ ਦੀਆਂ ਛੁੱਟੀਆਂ ਅਤੇ ਬਿਨਾਂ ਤਨਖਾਹ ਛੁੱਟੀ ਦੌਰਾਨ ਵਿਦੇਸ਼ ਜਾਣ ਦੀ ਆਗਿਆ ਦੀ ਪੁਸ਼ਟੀ।**

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪੀ.ਕੇ. ਸਹਿਜਪਾਲ, ਪ੍ਰੋਫੈਸਰ (ਰਿਟਾ.) (ਮੁੜ-ਨਿਯੁਕਤ), ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਨੂੰ ਯੂ.ਐਸ.ਏ. ਵਿਖੇ (1) Scientific Collaboration ਲਈ Weill Medical College, New York ਅਤੇ Dana Farber Institute, Bonston ਜਾਣ ਲਈ ਅਤੇ (2) Investigational Study ਲਈ Greenwood Genetic Centre, Greenwood ਜਾਣ ਲਈ ਗਰਮੀਆਂ ਦੀਆਂ ਛੁੱਟੀਆਂ ਮਿਤੀ 1.6.2015 ਤੋਂ 3.7.2015 ਤੱਕ ਅਤੇ ਮਿਤੀ 6.7.2015 ਤੋਂ 12.7.2015 ਤੱਕ ਬਿਨਾਂ ਤਨਖਾਹ ਅਸਾਧਾਰਣ ਛੁੱਟੀ (ਸਮੇਤ ਅਗੇਤਰੀਆਂ ਅਤੇ ਪਿਛੇਤਰੀਆਂ ਛੁੱਟੀਆਂ (ਸ਼ਨੀਵਾਰ ਅਤੇ ਐਤਵਾਰ) 30.5.2015-31.5.2015 ਅਤੇ 4.7.2015-5.7.2015) ਦੌਰਾਨ ਯੂ.ਐਸ.ਏ. ਜਾਣ ਲਈ ਮਿਤੀ 30.5.2015 ਤੋਂ ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

**ਸਬੰਧਤ ਅਧਿਆਪਕਾਂ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵਿਦੇਸ਼ ਵਿਖੇ ਕਾਨਫਰੰਸ ਵਿਚ ਰਿਸਰਚ ਪੇਪਰ ਪੇਸ਼ ਕਰਨ ਦੀ ਆਗਿਆ ਦੀ ਪੁਸ਼ਟੀ।**

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਸੁਖਲੀਨ ਬਿੰਦਰਾ, ਪ੍ਰੋਫੈਸਰ, ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 4-5 ਜੂਨ, 2015 ਨੂੰ New York, USA ਵਿਖੇ ਹੋ ਰਹੀ "International Conference on Ceramic Science and Technology(ICCST 2015)" ਵਿਚ ਰਿਸਰਚ ਪੇਪਰ "Dielectric and Impedance Spectroscopy of Samarium and Lanthanum Doped Barium Titanate at Room Temperature" ਪੇਸ਼ ਕਰਨ ਦੀ ਆਗਿਆ ਦਿੱਤੀ ਹੈ।

(ਅ) ਡਾ. ਸ਼ਾਲਿਨੀ ਬਹਿਲ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 28.6.2015 ਤੋਂ 3.7.2015 ਤੱਕ SUNTEC, Singapore ਵਿਖੇ ਹੋ ਰਹੀ "International Conference at ICMAT-2015 being organized by Material Research Society, Singapore" ਵਿਚ ਰਿਸਰਚ ਪੇਪਰ "Structural and Dielectric Studies of Substituted Barium Lanthanum Titanates" ਪੇਸ਼ ਕਰਨ ਦੀ ਆਗਿਆ ਦਿੱਤੀ ਹੈ।

**ਡਾ. ਅਨੁਪਮ ਕੌਰ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਹਿਊਮਨ ਜੈਨੇਟਿਕਸ ਵਿਭਾਗ ਦੀ ਕਮਾਈ ਛੁੱਟੀ ਵਿਚ ਵਾਧੇ ਦੀ ਪੁਸ਼ਟੀ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਅਨੁਪਮ ਕੌਰ, ਐਸੋਸੀਏਟ ਪ੍ਰੋਫੈਸਰ, ਹਿਊਮਨ ਜੈਨੇਟਿਕਸ ਵਿਭਾਗ ਦੀ ਕਮਾਈ ਛੁੱਟੀ ਵਿਚ ਮਿਤੀ 10.3.2015 (ਇਕ ਦਿਨ) ਦਾ ਵਾਧਾ ਕੀਤਾ ਹੈ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਸਿੰਪੋਜ਼ੀਅਮ/ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਿੰਪੋਜ਼ੀਅਮ/ ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | Dr. Deep Kamal Kaur, Assistant Professor, Deptt. of Electronics & Communication Engineering, RC, Jalandhar. | 5th International Symposium on Micro and Nano Technology to be held in University of Calgary, Canada on 18-20 May, 2015. |
| 2. | Dr. Shalini Bahel, Assistant Professor, Deptt. of Electronics Technology. | 8th International Conference on Materials for Advanced Technologies to be held in Suntec, Singapore on 28 june, 2015 to 03 july, 2015. |
| 3. | Dr. Kamlesh Singh Duggal, Associate Professor, Deptt. of Journalism & Mass Communication, RC, Jalandhar. | World Punjabi Conference 2015 to be held in Brampton, Canada on 13-14 June, 2015. |

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਜਾਣ ਦੀ ਆਗਿਆ ਦੀ ਪੁਸ਼ਟੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਪਰਮਿੰਦਰ ਕੌਰ, ਅਸਿਸਟੈਂਟ ਪ੍ਰੋਫੈਸਰ, ਲਾਅ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਕੈਨੇਡਾ ਵਿਖੇ Family Function attend ਕਰਨ ਲਈ ਮਿਤੀ 6.7.2015 ਤੋਂ 31.7.2015 ਤੱਕ ਕਮਾਈ ਛੁੱਟੀ (ਸਮੇਤ ਅਗੇਤਰੀਆਂ ਗਰਮੀਆਂ ਦੀਆਂ ਛੁੱਟੀਆਂ ਮਿਤੀ 1.6.2015 ਤੋਂ 3.7.2015, ਸ਼ਨੀਵਾਰ-ਐਤਵਾਰ ਮਿਤੀ 4-5.7.2015) ਪ੍ਰਵਾਨ ਕੀਤੀ ਹੈ ਅਤੇ ਮਿਤੀ 1.6.2015 ਤੋਂ 31.7.2015 ਤੱਕ ਕੈਨੇਡਾ ਜਾਣ ਦੀ ਆਗਿਆ ਦਿੱਤੀ ਹੈ।

(ਅ) ਡਾ. ਮਿੰਨੀ ਸਿੰਘ ਅਹੂਜਾ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ Family Function attend ਕਰਨ ਲਈ ਮਿਤੀ 1.6.2015 ਤੋਂ 3.7.2015 ਤੱਕ ਆਸਟ੍ਰੇਲੀਆ ਵਿਖੇ ਜਾਣ ਦੀ ਆਗਿਆ ਦਿੱਤੀ ਹੈ।

(ੲ) ਮਿਸ. ਕਿਰਨਦੀਪ ਸੰਧੂ, ਅਸਿਸਟੈਂਟ ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 30.6.2015 ਤੱਕ ਕੈਨੇਡਾ ਅਤੇ ਆਸਟ੍ਰੇਲੀਆ ਜਾਣ ਦੀ ਆਗਿਆ ਦਿੱਤੀ ਹੈ।

(ਸ) ਸ੍ਰੀ ਸ਼ਰਨਜੀਤ ਸਿੰਘ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਆਪਣੀ family ਨੂੰ ਮਿਲਣ ਲਈ ਮਿਤੀ 1.6.2015 ਤੋਂ 3.7.2015 ਤੱਕ ਇਸ ਸ਼ਰਤ 'ਤੇ ਕੈਨੇਡਾ ਜਾਣ ਦੀ ਆਗਿਆ ਦਿੱਤੀ ਹੈ ਕਿ ਉਹ ਉਕਤ ਮਿਤੀਆਂ ਵਿਚ ਹੋਰ ਵਾਧਾ ਨਹੀਂ ਕਰਨਗੇ।

(ਹ) ਡਾ. ਸੁਹਿੰਦਰ ਸਿੰਘ, ਸਾਬਕਾ ਪ੍ਰੋਫੈਸਰ (ਮੁੜ-ਨਿਯੁਕਤ), ਸਕੂਲ ਆਫ ਪੰਜਾਬੀ ਸਟੱਡੀਜ਼ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 3.7.2015 ਤੱਕ (ਸਮੇਤ ਅਗੇਤਰੀਆਂ ਛੁੱਟੀਆਂ ਮਿਤੀ 30.5.2015-31.5.2015 ਅਤੇ ਪਿਛੇਤਰੀਆਂ ਛੁੱਟੀਆਂ 4.7.2015-5.7.2015 (ਸ਼ਨੀਵਾਰ ਅਤੇ ਐਤਵਾਰ)) USA ਜਾਣ ਦੀ ਆਗਿਆ ਦਿੱਤੀ ਹੈ।

(ਕ) ਡਾ. ਗੁਰਚਰਨ ਕੌਰ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਨੂੰ ਮਿਤੀ 18.5.2015 ਤੋਂ 29.5.2015 ਤੱਕ (ਸਮੇਤ ਪਿਛੇਤਰੀਆਂ ਛੁੱਟੀਆਂ 30.5.2015-31.5.2015) 12 ਦਿਨ ਦੀ ਕਮਾਈ ਛੁੱਟੀ ਅਤੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 3.7.2015 ਤੱਕ USA ਜਾਣ ਦੀ ਆਗਿਆ ਦਿੱਤੀ ਹੈ।

(ਖ) ਡਾ. ਰਾਕੇਸ਼ ਕੁਮਾਰ ਮਹਾਜਨ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਮਿਤੀ 13.5.2015 ਤੋਂ 22.5.2015 ਤੱਕ (ਸਮੇਤ ਪਿਛੇਤਰੀਆਂ ਛੁੱਟੀਆਂ ਮਿਤੀ 23.5.2015-24.5.2015) 10 ਦਿਨ ਦੀ ਕਮਾਈ ਛੁੱਟੀ ਦੌਰਾਨ Dubai ਜਾਣ ਦੀ ਆਗਿਆ ਦਿੱਤੀ ਹੈ।

(ਗ) ਡਾ. ਹਰਭਜਨ ਸਿੰਘ ਭਾਟੀਆ, ਪ੍ਰੋਫੈਸਰ ਅਤੇ ਮੁਖੀ, ਸਕੂਲ ਆਫ

ਪੰਜਾਬੀ ਸਟੱਡੀਜ਼ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 3.7.2015 ਤੱਕ Dubai ਜਾਣ ਦੀ ਆਗਿਆ ਦਿੱਤੀ ਹੈ।

(ਘ) ਡਾ. ਸੁਖਦੇਵ ਸਿੰਘ ਖਾਹਰਾ, ਸਾਬਕਾ ਪ੍ਰੋਫੈਸਰ (ਮੁੜ-ਨਿਯੁਕਤ), ਸਕੂਲ ਆਫ ਪੰਜਾਬੀ ਸਟੱਡੀਜ਼ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 3.7.2015 ਤੱਕ Canada ਜਾਣ ਦੀ ਆਗਿਆ ਦਿੱਤੀ ਹੈ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਜਾਣ ਦੀ ਆਗਿਆ ਦੀ ਪੁਸ਼ਟੀ।**

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਬਲਵਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ, ਕਾਮਰਸ ਵਿਭਾਗ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 6.6.2015 ਤੋਂ 17.6.2015 ਤੱਕ ਹੋ ਰਹੀ "Global Network of Business Researcher's One week International Workshop on Techniques for Research and One day International Conference" ਵਿਚ ਭਾਗ ਲੈਣ ਲਈ Gaeddu College of Business Studies, Royal University of Bhutan, Bhutan ਵਿਖੇ ਜਾਣ ਦੀ ਆਗਿਆ ਦਿੱਤੀ ਹੈ।

(ਅ) ਡਾ. ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ South China University of Technology, Guangzhou, China ਵਿਖੇ ਲੈਕਚਰ ਦੇਣ ਲਈ ਮਿਤੀ 14.5.2015 ਤੋਂ 19.5.2015 ਤੱਕ 6 ਦਿਨ ਦੀ ਡਿਊਟੀ ਲੀਵ ਪ੍ਰਦਾਨ ਕੀਤੀ ਹੈ।

(ੲ) ਡਾ. ਸੁਖਦੇਵ ਸਿੰਘ, ਸਾਬਕਾ ਪ੍ਰੋਫੈਸਰ (ਮੁੜ-ਨਿਯੁਕਤ), ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 3.7.2015 ਤੱਕ (ਸਮੇਤ ਪਿਛੇਤਰੀਆਂ ਛੁੱਟੀਆਂ ਮਿਤੀ 4.7.2015 ਅਤੇ 5.7.2015) ਕੈਨੇਡਾ ਵਿਖੇ Regular medical follow up ਲਈ ਜਾਣ ਦੀ ਆਗਿਆ ਦਿੱਤੀ ਹੈ।

(ਸ) ਮਿਸਿਜ਼ ਹਰਦੀਪ ਕੌਰ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 1.7.2015 ਤੱਕ ਸਿੰਘਾਪੁਰ ਜਾਣ ਦੀ ਆਗਿਆ ਦਿੱਤੀ ਹੈ।

(ਹ) ਸ਼੍ਰੀ ਜਗਵਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਪੰਜਾਬੀ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 3.7.2015 ਤੱਕ ਅਮਰੀਕਾ ਅਤੇ ਕੈਨੇਡਾ ਜਾਣ ਦੀ ਆਗਿਆ ਦਿੱਤੀ ਹੈ।

(ਕ) Dr. Jesna Jayachandran, ਅਸਿਸਟੈਂਟ ਪ੍ਰੋਫੈਸਰ, ਸੋਸ਼ਿਆਲੋਜੀ ਵਿਭਾਗ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 31.5.2015 ਤੋਂ 2.7.2015 ਤੱਕ United Arab Emirates ਜਾਣ ਦੀ ਆਗਿਆ ਦਿੱਤੀ ਹੈ।

(ਖ) ਮਿਸਿਜ਼ ਪਰਮਜੀਤ ਕੌਰ (ਪ੍ਰਿੰਸੀਪਲ), ਲੈਕਚਰਾਰ, ਹੋਮ ਸਾਇੰਸ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 3.7.2015 ਤੱਕ ਕੈਨੇਡਾ ਜਾਣ ਦੀ ਆਗਿਆ ਦਿੱਤੀ ਹੈ।

ਉਕਤ ਸਮੇਂ ਦੌਰਾਨ ਸ਼੍ਰੀਮਤੀ ਦਲਜੀਤ ਕੌਰ, ਲੈਕਚਰਾਰ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਪ੍ਰਿੰਸੀਪਲ ਦੇ ਦਫਤਰ ਦਾ ਨਿੱਤਾ-ਪ੍ਰਤੀ ਦਾ ਕੰਮ ਦੇਖਣਗੇ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਜਾਣ ਦੀ ਆਗਿਆ ਦੀ ਪੁਸ਼ਟੀ।**

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਪਰਮਜੀਤ ਕੌਰ, ਪ੍ਰੋਫੈਸਰ, ਕੈਮਿਸਟਰੀ ਵਿਭਾਗ, ਨੂੰ Kangwon National University, Korea ਵਿਖੇ ਬਿਨਾਂ ਕਿਸੇ ਵਿੱਤੀ ਸਹਾਇਤਾ ਤੋਂ ਲੈਕਚਰ ਦੇਣ ਲਈ ਮਿਤੀ 19.2.2015 ਤੋਂ 27.2.2015 ਤੱਕ ਕੁੱਲ 9 ਦਿਨਾਂ ਦੀ ਕਮਾਈ ਛੁੱਟੀ (ਸਮੇਤ ਪਿਛੇਤਰੀਆਂ ਛੁੱਟੀਆਂ ਮਿਤੀ 28.2.2015 ਅਤੇ 1.3.2015) ਪ੍ਰਵਾਨ ਕੀਤੀ ਹੈ।

(ਅ) ਡਾ. ਇੰਦਰਪਾਲ ਕੌਰ, ਐਸੋਸੀਏਟ ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 11.6.2015 ਤੋਂ 3.7.2015 ਤੱਕ (ਸਮੇਤ ਪਿਛੇਤਰੀਆਂ ਛੁੱਟੀਆਂ ਮਿਤੀ 4.7.2015-5.7.2015) ਕੈਨੇਡਾ ਜਾਣ ਲਈ ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

**ਡਾ. ਕਮਲੇਸ਼ ਸਿੰਘ ਦੁੱਗਲ, ਐਸੋਸੀਏਟ ਡੀਨ, ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ, ਰਿਜਨਲ ਕੈਂਪਸ, ਜਲੰਧਰ ਨੂੰ ਗਰਮੀਆਂ ਦੀਆਂ ਛੁੱਟੀਆਂ ਅਤੇ ਕਮਾਈ ਛੁੱਟੀ ਦੌਰਾਨ ਕੈਨੇਡਾ ਜਾਣ ਦੀ ਆਗਿਆ; ਐਸੋਸੀਏਟ ਡੀਨ, ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ ਦੀ ਜਿੰਮੇਵਾਰੀ; ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ ਵਿਭਾਗ ਅਤੇ ਕਾਨੂੰਨ ਵਿਭਾਗ ਦਾ ਵਧੀਕ ਚਾਰਜ ਦੇਣ ਦੀ ਪੁਸ਼ਟੀ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਕਮਲੇਸ਼ ਸਿੰਘ ਦੁੱਗਲ, ਐਸੋਸੀਏਟ ਡੀਨ, ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ ਅਤੇ ਮੁਖੀ, ਜਰਨਲਿਜਮ ਅਤੇ ਮਾਸ ਕਮਿਊਨੀਕੇਸ਼ਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਮਿਤੀ 13 ਤੋਂ 14 ਜੂਨ, 2015 ਤੱਕ ਕੈਨੇਡਾ ਵਿਖੇ ਹੋ ਰਹੀ "World Punjabi Conference 2015" ਵਿਚ "Punjabi Language, Literature and Culture: Present and Future" ਵਿਸ਼ੇ 'ਤੇ ਪੇਪਰ ਪੇਸ਼ ਕਰਨ ਲਈ ਅਤੇ ਆਪਣੇ ਬੇਟੇ ਨੂੰ ਮਿਲਣ ਜਾਣ ਲਈ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 1.6.2015 ਤੋਂ 3.7.2015 ਤੱਕ, ਮਿਤੀ 6.7.2015 ਤੋਂ 31.7.2015 ਤੱਕ ਕੁੱਲ 26 ਦਿਨਾਂ ਦੀ ਕਮਾਈ ਛੁੱਟੀ (ਸਮੇਤ ਅਗੇਤਰੀਆਂ ਛੁੱਟੀਆਂ 30.5.2015-31.5.2015, 4.7.2015-5.7.2015 ਅਤੇ ਪਿਛੇਤਰੀਆਂ ਛੁੱਟੀਆਂ 1.8.2015-2.8.2015 (ਸ਼ਨੀਵਾਰ ਅਤੇ ਐਤਵਾਰ)) ਨਾਲ ਮਿਤੀ 29.5.2015 (ਬਾਅਦ ਦੁਪਹਿਰ) ਤੋਂ ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

(ਅ) ਡਾ. ਕਮਲੇਸ਼ ਸਿੰਘ ਦੁੱਗਲ, ਐਸੋਸੀਏਟ ਡੀਨ, ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ, ਰਿਜਨਲ ਕੈਂਪਸ, ਜਲੰਧਰ ਦੀ ਛੁੱਟੀ ਦੌਰਾਨ

ਡਾ. ਸੁਖਵਿੰਦਰ ਸਿੰਘ ਸੰਘਾ, ਪ੍ਰੋਫੈਸਰ, ਪੰਜਾਬੀ ਵਿਭਾਗ ਨੂੰ ਐਸੋਸੀਏਟ ਡੀਨ, ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ ਦੀ ਜ਼ਿੰਮੇਵਾਰੀ ਸੌਂਪੀ ਹੈ।

(ੲ) ਡਾ. ਕਮਲੇਸ਼ ਸਿੰਘ ਦੁੱਗਲ ਦੀ ਛੁੱਟੀ ਦੌਰਾਨ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਭਾਗ ਦੇ ਮੁਖੀ ਅਤੇ ਕਾਨੂੰਨ ਵਿਭਾਗ (ਮੁਖੀ, ਵਧੀਕ ਚਾਰਜ) ਦੀ ਜ਼ਿੰਮੇਵਾਰੀ ਕ੍ਰਮਵਾਰ ਡਾ. ਨਮਰਤਾ ਜੋਸ਼ੀ, ਅਸਿਸਟੈਂਟ ਪ੍ਰੋਫੈਸਰ, ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਭਾਗ ਅਤੇ ਡਾ. ਰੂਪਮ ਜਗੋਟਾ, ਅਸਿਸਟੈਂਟ ਪ੍ਰੋਫੈਸਰ, ਕਾਨੂੰਨ ਵਿਭਾਗ ਨੂੰ ਸੌਂਪੀ ਹੈ।

**ਡਾ. ਹਰੀਸ਼ ਚੰਦਰ ਸ਼ਰਮਾ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

17. ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਡਾ. ਹਰੀਸ਼ ਚੰਦਰ ਸ਼ਰਮਾ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 22.6.2015 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 23.6.2015 ਤੋਂ ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

**ਪਾਸ ਹੋਇਆ** ਕਿ ਡਾ. ਹਰੀਸ਼ ਚੰਦਰ ਸ਼ਰਮਾ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 22.6.2015 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 23.6.2015 ਤੋਂ 11 ਮਹੀਨਿਆਂ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

**ਡਾ. ਗੁਰਵਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਸਾਇੰਸ ਵਿਭਾਗ ਨੂੰ ਗਰਮੀਆਂ ਦੀਆਂ ਛੁੱਟੀਆਂ ਅਤੇ ਕਮਾਈ ਛੁੱਟੀ ਦੌਰਾਨ USA ਅਤੇ Canada ਜਾਣ ਦੀ ਆਗਿਆ ਅਤੇ ਉਨ੍ਹਾਂ ਦੀ ਛੁੱਟੀ ਦੌਰਾਨ ਵਿਭਾਗ ਦੇ ਨਿੱਤਾ ਪ੍ਰਤੀ ਕੰਮ ਦੀ ਜ਼ਿੰਮੇਵਾਰੀ ਡਾ. ਰਜਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ ਨੂੰ ਸੌਂਪਣ ਦੀ ਪੁਸ਼ਟੀ।**

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਗੁਰਵਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਸਾਇੰਸ ਵਿਭਾਗ ਨੂੰ USA ਅਤੇ Canada ਜਾਣ ਲਈ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 8.6.2015 ਤੋਂ 3.7.2015 ਤੱਕ (ਸਮੇਤ ਮਿਤੀ 4.7.2015 ਤੋਂ 5.7.2015 (ਸ਼ਨੀਵਾਰ ਅਤੇ ਐਤਵਾਰ)) ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

(ਅ) ਡਾ. ਗੁਰਵਿੰਦਰ ਸਿੰਘ ਨੂੰ ਮਿਤੀ 22.6.2015 ਤੋਂ 25.6.2015 ਤੱਕ University of Calgary, Canada ਵਿਖੇ 15th International Conference on Computational Science and its Applications (ICCSA 2015) ਅਟੈਂਡ ਕਰਨ ਦੀ ਆਗਿਆ ਦਿੱਤੀ ਹੈ।

(ੲ) ਉਕਤ (ੳ) ਅਧੀਨ ਡਾ. ਗੁਰਵਿੰਦਰ ਸਿੰਘ ਨੂੰ USA ਅਤੇ Canada ਜਾਣ ਲਈ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਦਿੱਤੀ ਗਈ ਆਗਿਆ ਵਿਚ **ਮਿਤੀ 3.6.2015 ਤੋਂ 7.6.2015 ਦੇ ਵਾਧੇ ਨਾਲ** ਹੁਣ ਮਿਤੀ 3.6.2015 ਤੋਂ 3.7.2015 ਤੱਕ (ਗਰਮੀਆਂ ਦੀਆਂ ਛੁੱਟੀਆਂ ਦੌਰਾਨ) ਅਤੇ **ਮਿਤੀ**

**6.7.2015 ਤੋਂ 10.7.2015 ਤੱਕ ਕਮਾਈ ਛੁੱਟੀ** ਸਮੇਤ ਅਗੇਤਰੀਆਂ ਛੁੱਟੀਆਂ ਮਿਤੀ 4.7.2015-5.7.2015 (ਸ਼ਨੀਵਾਰ ਅਤੇ ਐਤਵਾਰ), ਪਿਛੇਤਰੀਆਂ ਛੁੱਟੀਆਂ ਸਮੇਤ ਮਿਤੀ 11.7.2015-12.7.2015 (ਸ਼ਨੀਵਾਰ ਅਤੇ ਐਤਵਾਰ) ਦੇ ਨਾਲ ਮਿਤੀ 3.6.2015 ਤੋਂ ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

(ਸ) ਉਕਤ (ੳ) ਅਤੇ (ੲ) ਅਧੀਨ ਡਾ. ਗੁਰਵਿੰਦਰ ਸਿੰਘ ਦੀ ਛੁੱਟੀ ਦੌਰਾਨ ਵਿਭਾਗ ਦੇ ਨਿਤਾ ਪ੍ਰਤੀ ਦੇ ਕੰਮ ਦੀ ਜਿੰਮੇਵਾਰੀ ਡਾ. ਰਜਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ ਨੂੰ ਸੌਂਪੀ ਹੈ।

**ਡਾ. ਰਜਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਸਾਇੰਸ ਵਿਭਾਗ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ USA ਅਤੇ Canada ਜਾਣ ਦੀ ਆਗਿਆ ਅਤੇ ਉਨ੍ਹਾਂ ਦੀ ਛੁੱਟੀ ਦੌਰਾਨ ਵਿਭਾਗ ਦੇ ਨਿੱਤਾ ਪ੍ਰਤੀ ਕੰਮ ਦੀ ਜਿੰਮੇਵਾਰੀ ਡਾ. ਹਰਦੀਪ ਸਿੰਘ, ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਨੂੰ ਸੌਂਪਣ ਦੀ ਪੁਸ਼ਟੀ।**

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਰਜਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਸਾਇੰਸ ਵਿਭਾਗ ਨੂੰ USA ਅਤੇ Canada ਜਾਣ ਲਈ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 15.6.2015 ਤੋਂ 3.7.2015 ਤੱਕ ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

(ਅ) ਉਕਤ (ੳ) ਅਧੀਨ ਡਾ. ਰਜਿੰਦਰ ਸਿੰਘ ਦੀ ਛੁੱਟੀ ਦੌਰਾਨ ਵਿਭਾਗ ਦੇ ਨਿਤਾ ਪ੍ਰਤੀ ਦੇ ਕੰਮ ਦੀ ਜਿੰਮੇਵਾਰੀ ਡਾ. ਹਰਦੀਪ ਸਿੰਘ, ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਨੂੰ ਸੌਂਪੀ ਹੈ।

**ਡਾ. ਮੋਹਨ ਪਾਲ ਸਿੰਘ, ਪ੍ਰੋਫੈਸਰ (ਮੁੜ-ਨਿਯੁਕਤ), ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਅਸਤੀਫੇ ਅਤੇ ਇਕ ਸਾਲ ਲਈ ਰਿਸਰਚ ਲੈਬ ਦੀ ਵਰਤੋਂ ਕਰਨ ਦੀ ਆਗਿਆ ਦੀ ਪੁਸ਼ਟੀ।**

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਮੋਹਨ ਪਾਲ ਸਿੰਘ, ਪ੍ਰੋਫੈਸਰ (ਮੁੜ-ਨਿਯੁਕਤ), ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦਾ ਮਿਤੀ 30.4.2015 (ਬਾਅਦ ਦੁਪਹਿਰ) ਤੋਂ ਅਸਤੀਫਾ ਪ੍ਰਵਾਨ ਕੀਤਾ ਹੈ।

(ਅ) ਡਾ. ਮੋਹਨ ਪਾਲ ਸਿੰਘ ਨੂੰ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਵਿਖੇ ਇਕ ਸਾਲ ਲਈ ਰਿਸਰਚ ਲੈਬ ਦੀ ਵਰਤੋਂ ਕਰਨ ਦੀ ਆਗਿਆ ਦਿੱਤੀ ਹੈ, ਕਿਉਂਕਿ ਚਾਰ ਪੀਐਚ.ਡੀ. ਵਿਦਿਆਰਥੀ ਅਤੇ ਦੋ M. Pharmacy ਦੇ ਵਿਦਿਆਰਥੀ ਉਨ੍ਹਾਂ ਦੀ Supervision ਅਧੀਨ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦੇ ਦੋ ਰਿਸਰਚ ਪ੍ਰੋਜੈਕਟ (ਇਕ UGC ਤੋਂ ਅਤੇ ਇਕ CSIR ਤੋਂ) ਚਲ ਰਹੇ ਹਨ। ਲੈਬ ਦੀਆਂ ਸਾਰੀਆਂ ਸਹੂਲਤਾਂ, ਵਿਭਾਗ ਦੇ ਸਾਰੇ ਫੈਕਲਟੀ ਮੈਂਬਰਾਂ ਲਈ ਉਪਲਬਧ ਹੋਣਗੀਆਂ। ਵਿਦਿਆਰਥੀ, ਮੁਖੀ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਰਿਪੋਰਟ ਕਰਨਗੇ।

**ਸਬੰਧਤ ਅਧਿਆਪਕਾਂ ਨੂੰ ਇਕ ਸਾਲ ਦੀ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਦੀ ਪੁਸ਼ਟੀ।**

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਰਤਨ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੂੰ University Institute of Legal Studies (UILS), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਬਤੌਰ ਪ੍ਰੋਫੈਸਰ ਜੁਆਇੰਨ ਕਰਨ ਹਿੱਤ ਮਿਤੀ 7.5.2015 ਤੋਂ 6.5.2016 ਤੱਕ ਇਕ ਸਾਲ ਲਈ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਦੀ ਪ੍ਰਵਾਨਗੀ ਇਸ ਸ਼ਰਤ 'ਤੇ ਦਿੱਤੀ ਹੈ ਕਿ ਉਹ ਮੁਲਾਂਕਣ ਅਤੇ ਨਤੀਜਿਆਂ ਸਬੰਧੀ ਆਪਣੀਆਂ ਡਿਊਟੀਆਂ ਪੂਰੀਆਂ ਕਰਨਗੇ।

(ਅ) ਡਾ. ਹਰਮੀਤ ਸਿੰਘ ਸੰਧੂ, ਅਸਿਸਟੈਂਟ ਪ੍ਰੋਫੈਸਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਪੰਜਾਬ ਯੂਨੀਵਰਸਿਟੀ ਰਿਜਨਲ ਸੈਂਟਰ, ਲੁਧਿਆਣਾ ਵਿਖੇ ਬਤੌਰ ਪ੍ਰੋਫੈਸਰ ਜੁਆਇੰਨ ਕਰਨ ਹਿੱਤ ਮਿਤੀ 7.5.2015 ਤੋਂ ਇਕ ਸਾਲ ਲਈ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਦੀ ਪ੍ਰਵਾਨਗੀ ਇਸ ਸ਼ਰਤ 'ਤੇ ਦਿੱਤੀ ਹੈ ਕਿ ਉਹ ਮੁਲਾਂਕਣ ਅਤੇ ਨਤੀਜਿਆਂ ਸਬੰਧੀ ਆਪਣੀਆਂ ਡਿਊਟੀਆਂ ਪੂਰੀਆਂ ਕਰਨਗੇ।

**ਡਾ. ਅਸ਼ਵਨੀ ਲੂਥਰਾ, ਐਸੋਸੀਏਟ ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੀ ਸਟੱਡੀ ਲੀਵ ਦੀ ਪ੍ਰਵਾਨਗੀ।**

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਟੱਡੀ ਲੀਵ ਕੇਸਾਂ 'ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਇੱਕਤਰਤਾ ਮਿਤੀ 3.6.2015 ਦੀ ਸਿਫਾਰਸ਼ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਡਾ. ਅਸ਼ਵਨੀ ਲੂਥਰਾ, ਐਸੋਸੀਏਟ ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਨੂੰ Institute of Housing and Urban Development, Netherlands ਵਿਖੇ Short term International Course ਵਿਚ ਸ਼ਾਮਲ ਹੋਣ ਲਈ ਜਨਵਰੀ, 2016 ਤੋਂ ਅਪ੍ਰੈਲ, 2016 ਤੱਕ ਤਿੰਨ ਮਹੀਨੇ ਲਈ ਪੂਰੀ ਤਨਖਾਹ 'ਤੇ ਸਟੱਡੀ ਲੀਵ ਪ੍ਰਦਾਨ ਕੀਤੀ ਜਾਂਦੀ ਹੈ।

**ਡਾ. ਆਰ.ਕੇ. ਮਰਵਾਹ (ਸਾਬਕਾ ਪ੍ਰੋਫੈਸਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ), ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਆਰ.ਕੇ. ਮਰਵਾਹ, (ਸਾਬਕਾ ਪ੍ਰੋਫੈਸਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ) ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 30.6.2015 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.7.2015 ਤੋਂ 11 ਮਹੀਨਿਆਂ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

**ਡਾ. ਡੈਰਿਕ ਏਂਜ਼ਲਜ, ਪ੍ਰੋਫੈਸਰ (ਰਿਟਾ.), ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ ਵਿਖੇ ਬਤੌਰ ਓ.ਐਸ.ਡੀ. ਵਜੋਂ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਡੈਰਿਕ ਏਂਜ਼ਲਜ, ਪ੍ਰੋਫੈਸਰ (ਰਿਟਾ.), ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ ਵਿਖੇ ਬਤੌਰ ਓ.ਐਸ.ਡੀ. (ਕੰਟ੍ਰੈਕਟ ਬੇਸਿਜ਼) ਦੀ ਨਿਯੁਕਤੀ ਦੀ ਮਿਆਦ, ਜੋ ਕਿ ਮਿਤੀ 27.5.2015 ਨੂੰ ਖਤਮ ਹੋ ਰਹੀ ਹੈ, ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਮਿਤੀ 28.5.2015 ਤੋਂ 11 ਮਹੀਨੇ ਲਈ ਵਾਧਾ ਕੀਤਾ ਹੈ।

**ਪ੍ਰੋਫੈਸਰ ਐਚ.ਐਸ. ਗੁਜਰਾਲ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ ਦੀ ਕੋ-ਆਰਡੀਨੇਟਰ, ਐਨ.ਐਸ.ਐਸ. ਵਿਭਾਗ (ਵਧੀਕ ਚਾਰਜ) ਵਜੋਂ ਨਿਯੁਕਤੀ ਦੀ ਪੁਸ਼ਟੀ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਪ੍ਰੋਫੈਸਰ ਐਚ.ਐਸ. ਗੁਜਰਾਲ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ ਦੀ ਕੋ-ਆਰਡੀਨੇਟਰ, ਐਨ.ਐਸ.ਐਸ. ਵਿਭਾਗ (ਵਧੀਕ ਚਾਰਜ) ਵਜੋਂ ਅਗਲੇ ਆਦੇਸ਼ਾਂ ਤੱਕ ਨਿਯੁਕਤੀ ਕੀਤੀ ਹੈ ਅਤੇ ਇਹ ਆਦੇਸ਼ ਤੁਰੰਤ ਲਾਗੂ ਹਨ।

**ਡਾ. ਜੀ.ਐਸ. ਵਿਰਕ, ਓ.ਐਸ.ਡੀ.,ਰਿਜਨਲ ਕੈਂਪਸ, ਸਠਿਆਲਾ ਦੀ ਵਿਦੇਸ਼ ਜਾਣ ਲਈ ਬਿਨਾਂ ਤਨਖਾਹ ਛੁੱਟੀ ਅਤੇ ਉਨ੍ਹਾਂ ਦੀ ਛੁੱਟੀ ਦੌਰਾਨ ਰਿਜਨਲ ਕੈਂਪਸ, ਸਠਿਆਲਾ ਅਤੇ ਸ਼੍ਰੀ ਗੁਰੂ ਤੇਗ ਬਹਾਦੁਰ ਕਾਲਜ, ਸਠਿਆਲਾ ਦੇ ਨਿੱਤਾ ਪ੍ਰਤੀ ਕੰਮ ਦੀ ਜਿੰਮੇਵਾਰੀ ਇੰ. ਸੰਦੀਪ ਕੌਰ ਨੂੰ ਦੇਣ ਦੀ ਪੁਸ਼ਟੀ ਅਤੇ ਡਾ. ਜੀ.ਐਸ. ਵਿਰਕ ਦੀ ਬਤੌਰ ਓ.ਐਸ.ਡੀ. ਵਜੋਂ ਨਿਯੁਕਤੀ ਦੀ ਮਿਆਦ ਵਿਚ ਵਾਧਾ।**

26. (ੳ) ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਜੀ.ਐਸ. ਵਿਰਕ, ਓ.ਐਸ.ਡੀ., ਰਿਜਨਲ ਕੈਂਪਸ, ਸਠਿਆਲਾ ਦੀ ਮਿਤੀ 14.4.2015 ਤੋਂ 28.4.2015 ਤੱਕ 15 ਦਿਨਾਂ ਲਈ ਵਿਦੇਸ਼ (ਇਸਤਾਨਬੁਲ, ਤੁਰਕੀ) ਵਿਖੇ ਰਿਸ਼ਤੇਦਾਰਾਂ ਨੂੰ ਮਿਲਣ ਜਾਣ ਲਈ ਬਿਨਾਂ ਤਨਖਾਹ ਛੁੱਟੀ ਪ੍ਰਵਾਨ ਕੀਤੀ ਹੈ ਅਤੇ ਉਨ੍ਹਾਂ ਦੀ ਛੁੱਟੀ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਅਤੇ ਸ਼੍ਰੀ ਗੁਰੂ ਤੇਗ ਬਹਾਦੁਰ ਕਾਲਜ, ਸਠਿਆਲਾ ਦੇ ਨਿੱਤਾ-ਪ੍ਰਤੀ ਦਾ ਕੰਮ-ਕਾਜ ਦੇਖਣ ਲਈ ਇੰ. ਸੰਦੀਪ ਕੌਰ, ਅਸਿਸਟੈਂਟ ਪ੍ਰੋਫੈਸਰ ਅਤੇ ਇੰਚਾਰਜ਼, ਸੀ.ਐਸ.ਸੀ. ਵਿਭਾਗ ਦੀ ਡਿਊਟੀ ਲਗਾਈ ਹੈ।

(ਅ) ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਡਾ. ਜੀ.ਐਸ. ਵਿਰਕ, ਪ੍ਰੋਫੈਸਰ (ਰਿਟਾ.) ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਬਤੌਰ ਓ.ਐਸ.ਡੀ. (ਕੰਟ੍ਰੈਕਟ ਬੇਸਿਜ਼) ਦੀ ਨਿਯੁਕਤੀ ਦੀ ਮਿਆਦ, ਜੋ ਕਿ ਮਿਤੀ 28.7.2015 ਨੂੰ ਖਤਮ ਹੋ ਰਹੀ ਹੈ, ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਇਕ ਸਾਲ ਲਈ ਵਾਧਾ ਕੀਤਾ ਜਾਵੇ।

**ਪਾਸ ਹੋਇਆ** ਕਿ ਡਾ. ਜੀ.ਐਸ. ਵਿਰਕ, ਪ੍ਰੋਫੈਸਰ (ਰਿਟਾ.) ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਬਤੌਰ ਓ.ਐਸ.ਡੀ. (ਕੰਟ੍ਰੈਕਟ ਬੇਸਿਜ਼) ਦੀ ਨਿਯੁਕਤੀ ਦੀ ਮਿਆਦ, ਜੋ ਕਿ ਮਿਤੀ 28.7.2015 ਨੂੰ ਖਤਮ ਹੋ ਰਹੀ ਹੈ, ਵਿਚ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ 11 ਮਹੀਨਿਆਂ ਲਈ ਵਾਧਾ ਕੀਤਾ ਜਾਂਦਾ ਹੈ।

**ਡਾ. ਅਰੁਣਾ ਆਨੰਦ, ਓ.ਐਸ.ਡੀ., ਐਜੂਕੇਸ਼ਨ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਅਰੁਣਾ ਆਨੰਦ, ਓ.ਐਸ.ਡੀ., ਐਜੂਕੇਸ਼ਨ ਵਿਭਾਗ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 3.6.2015 ਨੂੰ ਖਤਮ ਹੋ ਗਈ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ 11 ਮਹੀਨੇ ਲਈ ਵਾਧਾ ਕੀਤਾ ਹੈ।

**ਡਾ. ਹਰਪ੍ਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ ਦੇ ਅਸਤੀਫੇ ਦੀ ਪੁਸ਼ਟੀ ਅਤੇ ਨੋਟਿਸ ਪੀਰੀਅਡ ਤੋਂ ਛੋਟ ਦੇਣ ਦੀ ਪ੍ਰਵਾਨਗੀ।**

28. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਹਰਪ੍ਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ ਦਾ ਅਸਤੀਫਾ ਮਿਤੀ 6.4.2015 (ਦੁਪਹਿਰ ਤੋਂ ਪਹਿਲਾਂ) ਤੋਂ ਪ੍ਰਵਾਨ ਕੀਤਾ ਹੈ।

(ਅ) ਉਕਤ (ੳ) ਅਧੀਨ ਡਾ. ਹਰਪ੍ਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ ਨੂੰ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਤੋਂ ਛੋਟ ਦਿੱਤੀ ਜਾਂਦੀ ਹੈ।

**ਸਬੰਧਤ ਅਧਿਕਾਰੀਆਂ ਦੀ ਕਮਾਈ ਛੁੱਟੀ ਵਿਚ ਵਾਧਾ।**

29. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ੍ਰੀ ਸਰਬਜੀਤ ਸਿੰਘ, ਨਿਗਰਾਨ, ਕੰਡਕਟ ਸ਼ਾਖਾ, ਜਿਨ੍ਹਾਂ ਦੀ ਸਿੰਡੀਕੇਟ ਦੀ ਇੱਕਤਰਤਾ ਮਿਤੀ 18.3.2015 ਦੇ ਪੈਰਾ ਨੰ: 18 ਰਾਹੀਂ ਆਸਟ੍ਰੇਲੀਆ ਜਾਣ ਲਈ ਮਿਤੀ 16.2.2015 ਤੋਂ 1.4.2015 ਤੱਕ 45 ਦਿਨਾਂ ਦੀ ਕਮਾਈ ਛੁੱਟੀ ਪ੍ਰਵਾਨ ਕੀਤੀ ਗਈ ਸੀ, ਦੀ ਕਮਾਈ ਛੁੱਟੀ ਵਿਚ ਮਿਤੀ 2.4.2015 ਤੋਂ 30.4.2015 ਤੱਕ 29 ਦਿਨਾਂ ਦਾ ਵਾਧਾ ਕੀਤਾ ਜਾਂਦਾ ਹੈ।

(ਅ) ਸ੍ਰੀ ਬਲਜੀਤ ਸਿੰਘ ਵੜੈਚ, ਨਿਗਰਾਨ, ਪਲੇਸਮੈਂਟ ਵਿਭਾਗ, ਜਿਨ੍ਹਾਂ ਦੀ ਸਿੰਡੀਕੇਟ ਦੀ ਇੱਕਤਰਤਾ ਮਿਤੀ 18.3.2015 ਦੇ ਪੈਰਾ ਨੰ: 17 ਰਾਹੀਂ ਕੈਨੇਡਾ ਜਾਣ ਲਈ ਮਿਤੀ 13.4.2015 ਤੋਂ 10.7.2015 ਤੱਕ 89 ਦਿਨਾਂ ਦੀ ਕਮਾਈ ਛੁੱਟੀ ਪ੍ਰਵਾਨ ਕੀਤੀ ਗਈ ਸੀ, ਦੀ ਕਮਾਈ ਛੁੱਟੀ ਵਿਚ ਮਿਤੀ 11.7.2015 ਤੋਂ 11.9.2015 ਤੱਕ 63 ਦਿਨਾਂ ਦਾ ਵਾਧਾ ਕੀਤਾ ਜਾਂਦਾ ਹੈ।

**ਸ਼੍ਰੀ ਗਗਨਜੀਤ ਸਿੰਘ, ਸੀਨੀਅਰ ਸਹਾਇਕ, ਲੇਖਾ ਸ਼ਾਖਾ ਨੂੰ ਆਸਟ੍ਰੇਲੀਆ ਜਾਣ ਲਈ ਕਮਾਈ ਛੁੱਟੀ ਦੀ ਪੁਸ਼ਟੀ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਗਗਨਜੀਤ ਸਿੰਘ, ਸੀਨੀਅਰ ਸਹਾਇਕ, ਲੇਖਾ ਸ਼ਾਖਾ ਨੂੰ ਛੁੱਟੀ ਦੌਰਾਨ ਆਸਟ੍ਰੇਲੀਆ ਜਾਣ ਲਈ ਮਿਤੀ 16.4.2015 ਤੋਂ 14.8.2015 ਤੱਕ 121 ਦਿਨਾਂ ਦੀ ਕਮਾਈ ਛੁੱਟੀ ਪ੍ਰਵਾਨ ਕੀਤੀ ਹੈ।

**ਸ਼੍ਰੀ ਸੁਖਦੇਵ ਸਿੰਘ ਔਲਖ, ਅਸਿਸਟੈਂਟ ਪ੍ਰੋਗਰਾਮਰ, ਕੰਪਿਊਟਰ ਸਾਇੰਸ ਵਿਭਾਗ ਨੂੰ ਕੈਨੇਡਾ ਜਾਣ ਲਈ ਕਮਾਈ ਛੁੱਟੀ ਦੀ ਪੁਸ਼ਟੀ।**

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਸੁਖਦੇਵ ਸਿੰਘ ਔਲਖ, ਅਸਿਸਟੈਂਟ ਪ੍ਰੋਗਰਾਮਰ, ਕੰਪਿਊਟਰ ਸਾਇੰਸ ਵਿਭਾਗ ਨੂੰ ਕੈਨੇਡਾ ਜਾਣ ਲਈ ਮਿਤੀ 22.6.2015 ਤੋਂ 18.9.2015 ਤੱਕ 89 ਦਿਨਾਂ ਦੀ ਕਮਾਈ ਛੁੱਟੀ (ਸਮੇਤ ਅਗੇਤਰੀਆਂ/ ਪਿਛੇਤਰੀਆਂ ਛੁੱਟੀਆਂ) ਪ੍ਰਵਾਨ ਕੀਤੀ ਹੈ।

**ਸਬੰਧਤ ਕਰਮਚਾਰੀਆਂ ਦੀ ਮੁੜ-ਨਿਯੁਕਤੀ।**

32. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ਼੍ਰੀ ਨਰਦੇਵ ਸਿੰਘ, ਫੋਟੋ-ਸਟੇਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ, ਯੂਸਿਕ ਵਿਭਾਗ, ਜੋ ਕਿ ਮਿਤੀ 31.5.2015 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਿਹਾ ਹੈ, ਨੂੰ ਛੇ ਮਹੀਨੇ ਲਈ 10,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

(ਅ) ਸ਼੍ਰੀ ਕਸ਼ਮੀਰ ਸਿੰਘ, ਫੋਟੋ-ਸਟੇਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ, ਗੁਪਤ ਸ਼ਾਖਾ, ਜੋ ਕਿ ਮਿਤੀ 31.5.2015 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਿਹਾ ਹੈ, ਨੂੰ ਛੇ ਮਹੀਨੇ ਲਈ 15,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

**ਸ਼੍ਰੀ ਅਜੀਤ ਸਿੰਘ, ਮੇਸਨ ਗ੍ਰੇਡ-I (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧਾ।**

33. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਅਜੀਤ ਸਿੰਘ, ਮੇਸਨ ਗ੍ਰੇਡ-I (ਸੇਵਾ-ਮੁਕਤ), ਉਸਾਰੀ ਵਿਭਾਗ, ਜਿਸ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 3.6.2015 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਵਾਧਾ ਕੀਤਾ ਜਾਂਦਾ ਹੈ।

**ਸ਼੍ਰੀ ਚਮੇਲ ਸਿੰਘ, ਸਾਬਕਾ ਫੋਟੋ-ਸਟੇਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ, ਉਸਾਰੀ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।**

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਚਮੇਲ ਸਿੰਘ, ਸਾਬਕਾ ਫੋਟੋ-ਸਟੇਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ, ਉਸਾਰੀ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਵਾਧਾ ਕੀਤਾ ਜਾਂਦਾ ਹੈ।

**ਹਿੰਦੂ ਕੰਨਿਆਂ ਮਹਾਂਵਿਦਿਆਲਾ, ਧਾਰੀਵਾਲ ਦੀ ਵਿਦਿਆਰਥਣ- ਜਸਪ੍ਰੀਤ ਕੌਰ ਦੀ ਲੇਟ ਭੇਜੀ ਰਿਟਰਨ ਦੀ ਪੁਸ਼ਟੀ।**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹਿੰਦੂ ਕੰਨਿਆ ਮਹਾਂਵਿਦਿਆਲਾ, ਧਾਰੀਵਾਲ ਦੀ ਬੀ.ਏ. ਛੇਵੇਂ ਸਮੈਸਟਰ ਦੀ ਵਿਦਿਆਰਥਣ- ਜਸਪ੍ਰੀਤ ਕੌਰ ਦੀ ਪੰਜਵੇਂ ਸਮੈਸਟਰ ਦੀ ਰਿਟਰਨ ਨਿਰਧਾਰਤ ਸਮੇਂ ਅੰਦਰ ਨਾਂ ਭੇਜਣ ਕਰਕੇ ਵਿਦਿਆਰਥਣ ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ ਲੇਟ ਭੇਜੀ ਗਈ ਰਿਟਰਨ 25000/- ਰੁਪਏ ਜੁਰਮਾਨੇ ਨਾਲ ਪ੍ਰਵਾਨ ਕੀਤੀ ਹੈ।

B.A./B.Sc. Applied Statistics (Semester I-VI) **ਵਿਸ਼ੇ ਨੂੰ ਬੰਦ ਕਰਨ ਸਬੰਧੀ ਕਮੇਟੀ ਦੀ ਸਿਫਾਰਸ਼ ਦੀ ਪ੍ਰਵਾਨਗੀ।**

36. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ B.A./B.Sc. Statistics ਅਤੇ B.A./B.Sc. Applied Statistics ਵਿਸ਼ਿਆਂ ਨੂੰ ਮੁੜ ਵਿਚਾਰਨ ਹਿਤ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 12.3.2015 ਦੀ ਸ਼ਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ B.A./B.Sc. Applied Statistics (Semester I-VI) ਵਿਸ਼ੇ ਨੂੰ ਬੰਦ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਾਲ 2015-16 ਲਈ ਵੱਖ-ਵੱਖ ਕੋਰਸਾਂ ਵਿਚ ਦਾਖਲੇ ਸਬੰਧੀ ਕਸ਼ਮੀਰੀ ਮਾਈਗਰੈਂਟਸ ਦੇ ਬੱਚਿਆਂ ਨੂੰ ਸਹੂਲਤਾਂ ਦੀ ਪੁਸ਼ਟੀ।**

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਕਸ਼ਮੀਰੀ ਮਾਈਗਰੈਂਟਸ ਦੇ ਬੱਚਿਆਂ ਨੂੰ ਵੱਖ-ਵੱਖ ਕੋਰਸਾਂ ਵਿਚ ਦਾਖਲੇ ਲਈ ਸਹੂਲਤਾਂ ਪਰਦਾਨ ਕਰਨ ਸਬੰਧੀ ਭਾਰਤ ਸਰਕਾਰ ਦੇ ਹਿਊਮਨ ਰਿਸੋਰਸ ਡਿਵੈਲਪਮੈਂਟ ਮੰਤਰਾਲੇ ਦੇ ਪੱਤਰ ਨੰ: F.No.3-1/2012-NER ਮਿਤੀ 12.3.2015 (**ਅੰਤਿਕਾ ਅਨੁਸਾਰ**) ਨੂੰ ਲਾਗੂ ਕਰਨ ਹਿਤ ਸਿੰਡੀਕੇਟ ਦੀ ਇੱਕਤਰਤਾ ਮਿਤੀ 18.5.2013 ਦੇ ਪੈਰਾ 15 ਰਾਹੀਂ ਸੈਸ਼ਨ 2013-14 ਲਈ ਪ੍ਰਵਾਨ ਹੋਏ ਹੇਠ ਲਿਖੇ Criteria ਨੂੰ ਸੈਸ਼ਨ 2015-16 ਲਈ ਅਪਨਾਉਣ ਦੀ ਆਗਿਆ ਦਿੱਤੀ ਹੈ:-

1. In those technical/professional departments at GNDU

Campus, its Regional campuses and Constituent Colleges where there is only one application, admission may be granted if the candidate fulfill all the requirements and qualifications.

2. In case there is more than one candidate, the admission may be granted on the basis of marks obtained in the qualifying exam as per rules of the University.

**ਜੰਮੂ-ਕਸ਼ਮੀਰ ਦੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਦੁਆਰਾ ਚਲਾਏ ਜਾਂਦੇ ਹਰੇਕ ਕੋਰਸ ਵਿਚ Supernumerary Quota ਅਧੀਨ ਵਾਧੂ 2 ਸੀਟਾਂ ਉਤਪੰਨ ਕਰਨ ਦੀ ਪੁਸ਼ਟੀ।**

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਕੱਤਰ, ਯੂ.ਜੀ.ਸੀ., ਨਵੀਂ ਦਿੱਲੀ ਵੱਲੋਂ ਪ੍ਰਾਪਤ ਪੱਤਰ ਨੰ: F.1-1/2012(SA-III) ਮਿਤੀ 13.3.2015 (**ਅੰਤਿਕਾ** ਅਨੁਸਾਰ) ਰਾਹੀਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ ਜੰਮੂ-ਕਸ਼ਮੀਰ ਦੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਦੁਆਰਾ ਚਲਾਏ ਜਾਂਦੇ ਹਰੇਕ ਕੋਰਸ ਵਿਚ Supernumerary Quota ਅਧੀਨ ਵਾਧੂ 2 ਸੀਟਾਂ ਉਤਪੰਨ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

**ਯੂਨੀਵਰਸਿਟੀ ਕਾਲਜ, ਪੱਟੀ ਲਈ** 'Committee Against Sexual Harrassment' **ਦੇ ਗਠਨ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

39. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ 'ਦਾ ਗਜ਼ਟ ਆਫ ਇੰਡੀਆ' ਮਿਤੀ 23.4.2013 ਨੂੰ ਅਡਾਪਟ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ ਲਈ ਹੇਠ ਲਿਖੀ 'Committee Against Sexual Harrassment' ਗਠਿਤ ਕੀਤੀ ਜਾਵੇ:-

1. Poonam Sharma, Asstt. Prof., Commerce — Presiding Officer/ Convener
2. Ranjit Kaur, Asstt. Prof., Commerce
3. Kulbir Kaur, Asstt. Prof., Punjabi
4. Madan Lal, Asstt. Prof., Pol. Sc.
5. Parminder Singh, Asstt. Prof., Commerce
6. Pardeep Singh, Asstt. Prof., Phy. Edu.
7. Parwinder Kaur, Asstt. Prof., Chemistry

**ਪਾਸ ਹੋਇਆ** ਕਿ 'ਦਾ ਗਜ਼ਟ ਆਫ ਇੰਡੀਆ' ਮਿਤੀ 23.4.2013 ਨੂੰ ਅਡਾਪਟ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ ਲਈ 'Committee Against Sexual Harrassment' ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

Structure of the Executive Council of Alumni Association, Guru Nanak Dev University (AAGNDU), Amritsar **ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

40. ਵਿਚਾਰ ਉਪਰੰਤ

**ਪਾਸ ਹੋਇਆ** ਕਿ Structure of the Executive Council of Alumni Association, Guru Nanak Dev Universty (AAGNDU), Amritsar ਸਬੰਧੀ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 4.3.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

Bachelor of Tourism & Travel Management Part-I **ਦੇ ਫੀਸ ਸਟਰਕਚਰ ਦੀ ਪੁਸ਼ਟੀ।**

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2015-16 ਤੋਂ ਸ਼ੁਰੂ ਹੋ ਰਹੇ Bachelor of Tourism & Travel Management Part-I ਦਾ ਫੀਸ ਸਟਰਕਚਰ MBA(FYIC) Part-I ਦੇ ਬਰਾਬਰ ਰੱਖਦਿਆਂ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਹੈ:-

| Tuition Fees(Rs.) | Funds (Rs.) | Other Funds (Rs.) | Total |
|---|---|---|---|
| 23700/- | 13000/- | 3400/- | 40100/- |

Common Ordinances under Semester System **ਵਿਚ ਸੋਧ ਦੀ ਪੁਸ਼ਟੀ।**

42. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ Common Ordinances under Semester system for Post Graduate Courses w.e.f. 2011-12, Under Graduate Courses w.e.f. 2012-13, Post Graduate Diploma, Advanced Diploma, Diploma and Certificate Courses w.e.f. 2013-14 for Affiliated Colleges/University Colleges/Constituent Colleges/Private Candidates/Capacity Enhancement Programme (excluding Faculty of Physical Education, Faculty of Laws and Faculty of Sports Medicine & Physiotherapy) (Including University campuses unless otherwise specified) ਦੇ ਲੜੀ ਨੰ: 3(d) ਵਿਚ ਹੇਠ ਲਿਖੇ ਅਨੁਸਾਰ ਸੋਧ ਦੀ ਪ੍ਰਵਾਨਗੀ ਦਿੱਤੀ ਹੈ:-

| Present | Proposed |
|---|---|
| Carry on System for various semester examinations (Except Law Faculty and School of Social Sciences) | Carry on System for various semester examinations |

PG Diploma in Health Care & Management (Semester I & II) **ਦੀ ਯੋਗਤਾ ਸ਼ਰਤ ਦੀ ਪ੍ਰਵਾਨਗੀ।**

43. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 22.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਡੀਨ, ਫੈਕਲਟੀ ਆਫ ਸਾਇੰਸਜ਼ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2014-15 ਤੋਂ PG Diploma in Health Care & Management (Semester I & II) ਦੀ ਯੋਗਤਾ ਸ਼ਰਤ (Eligibility) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੀ ਜਾਵੇ:-

> "Candidates seeking admission to PG Diploma in Health Care & Management should have passed post-graduation in Life Sciences or Home Science with at least 45% marks from GNDU or any other recognized university."

**ਪਾਸ ਹੋਇਆ** ਕਿ ਡੀਨ, ਫੈਕਲਟੀ ਆਫ ਸਾਇੰਸਜ਼ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2014-15 ਤੋਂ PG Diploma in Health Care & Management (Semester I & II) ਦੀ ਯੋਗਤਾ ਸ਼ਰਤ (Eligibility) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ:-

> "Candidates seeking admission to PG Diploma in Health Care & Management should have passed post-graduation in Life Sciences or Home Science with at least 50% marks from GNDU or any other recognized university."

**ਯੂਨੀਵਰਸਿਟੀ ਵਿਖੇ** "Prof. A.S. Brar Endowment Fund" **ਸ਼ੁਰੂ ਕਰਨ ਦੀ ਪ੍ਰਵਾਨਗੀ।**

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਖੇ ਪੰਜ ਲੱਖ ਰੁਪਏ ਦੀ ਰਕਮ ਨਾਲ ਹੇਠ ਲਿਖੀਆਂ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ "Prof. A.S. Brar Endowment Fund" ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. NMRS-2015 ਦੇ ਖਾਤੇ ਵਿਚੋਂ 5.00 ਲੱਖ ਰੁਪਏ ਦੀ ਰਕਮ ਲੈ ਕੇ "Prof. A.S. Brar Endowment Fund" ਸ਼ੁਰੂ ਕਰ ਦਿੱਤਾ ਜਾਵੇ।

2. ਪੰਜ ਲੱਖ ਰੁਪਏ ਦੀ ਰਕਮ FDR ਦੇ ਰੂਪ ਵਿੱਚ ਰੱਖੀ ਜਾਵੇ ਅਤੇ FDR 'ਤੇ ਪ੍ਰਾਪਤ ਹੋਣ ਵਾਲੇ ਵਿਆਜ ਤੋਂ ਕੈਮਿਸਟਰੀ ਵਿਭਾਗ ਵਿਖੇ Eminent Indian Scientist ਪਾਸੋਂ ਸਲਾਨਾ ਲੈਕਚਰ ਕਰਵਾਇਆ ਜਾਵੇ।

3. Prof. A.S. Brar Endowment Lecture ਹਰੇਕ ਸਾਲ ਕਰਵਾਉਣ ਲਈ ਹੇਠ ਲਿਖੀ ਕਮੇਟੀ ਦਾ ਗਠਨ ਕਰ ਦਿੱਤਾ ਜਾਵੇ:-
   1. Head, Deptt. of Chemistry
   2. Convener, NMRS
   3. Organizing Secretary, NMRS

**ਯੂਨੀਵਰਸਿਟੀ ਵਿਖੇ "Poor Student Aid Endowment Fund for Chemistry Department" ਸ਼ੁਰੂ ਕਰਨ ਦੀ ਪ੍ਰਵਾਨਗੀ।**

45. ਇਸ ਯੂਨੀਵਰਸਿਟੀ ਵਿਖੇ ਪੰਜ ਲੱਖ ਰੁਪਏ ਦੀ ਰਕਮ ਨਾਲ "Poor Student Aid Endowment Fund for Chemistry Department " ਸ਼ੁਰੂ ਕਰਨ ਲਈ ਹੇਠ ਲਿਖੀਆਂ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਿਚਾਰ ਹੋਈ:-

1. NMRS-2015 ਦੇ ਖਾਤੇ ਵਿਚੋਂ 5.00 ਲੱਖ ਰੁਪਏ ਦੀ ਰਕਮ ਲੈ ਕੇ "Poor Student Aid Endowment Fund for Chemistry Department" ਸ਼ੁਰੂ ਕਰ ਦਿੱਤਾ ਜਾਵੇ।

2. ਪੰਜ ਲੱਖ ਰੁਪਏ ਦੀ ਰਕਮ FDR ਦੇ ਰੂਪ ਵਿੱਚ ਰੱਖੀ ਜਾਵੇ ਅਤੇ FDR 'ਤੇ ਪ੍ਰਾਪਤ ਹੋਣ ਵਾਲੇ ਵਿਆਜ ਤੋਂ ਹਰ ਸਾਲ ਕੈਮਿਸਟਰੀ ਵਿਭਾਗ ਦੇ ਗਰੀਬ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਵੇ।

3. ਕੈਮਿਸਟਰੀ ਵਿਭਾਗ ਦੇ ਜਿਨ੍ਹਾਂ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਹੈ ਉਨ੍ਹਾਂ ਦਾ ਵੇਰਵਾ ਹਰ ਸਾਲ ਮੁੱਖੀ, ਕੈਮਿਸਟਰੀ ਵਿਭਾਗ ਵਲੋਂ ਲੇਖਾ ਸ਼ਾਖਾ ਨੂੰ ਭੇਜਿਆ ਜਾਵੇ।

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਪੰਜ ਲੱਖ ਰੁਪਏ ਦੀ ਰਕਮ ਨਾਲ ਹੇਠ ਲਿਖੀਆਂ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ "Poor Student Aid Endowment Fund for Chemistry Department " ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. NMRS-2015 ਦੇ ਖਾਤੇ ਵਿਚੋਂ 5.00 ਲੱਖ ਰੁਪਏ ਦੀ ਰਕਮ ਲੈ ਕੇ "Poor Student Aid Endowment Fund for Chemistry Department" ਸ਼ੁਰੂ ਕਰ ਦਿੱਤਾ ਜਾਵੇ।

2. ਪੰਜ ਲੱਖ ਰੁਪਏ ਦੀ ਰਕਮ FDR ਦੇ ਰੂਪ ਵਿੱਚ ਰੱਖੀ ਜਾਵੇ ਅਤੇ FDR 'ਤੇ ਪ੍ਰਾਪਤ ਹੋਣ ਵਾਲੇ ਵਿਆਜ ਤੋਂ ਹਰ ਸਾਲ ਕੈਮਿਸਟਰੀ ਵਿਭਾਗ ਦੇ ਗਰੀਬ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਵੇ।

3. ਕੈਮਿਸਟਰੀ ਵਿਭਾਗ ਦੇ ਜਿਨ੍ਹਾਂ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਹੈ ਉਨ੍ਹਾਂ ਦੇ ਨਾਮ ਹਰ ਸਾਲ ਬੋਰਡ ਆਫ ਕੰਟਰੋਲ ਵੱਲੋਂ recommend ਕੀਤੇ ਜਾਣ ਅਤੇ ਇਨ੍ਹਾਂ ਦਾ ਵੇਰਵਾ ਸਿਫਾਰਸ਼ ਸਹਿਤ ਮੁੱਖੀ, ਕੈਮਿਸਟਰੀ ਵਿਭਾਗ ਵਲੋਂ ਲੇਖਾ ਸ਼ਾਖਾ ਨੂੰ ਭੇਜਿਆ ਜਾਵੇ।

**ਸੈਸ਼ਨ 2015-16 ਤੋਂ ਰਿਜਨਲ ਕੈਂਪਸ, ਜਲੰਧਰ ਵਿਖੇ B.A.(Hons.) Journalism & Mass Communication (CBCEGS) ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ।**

46. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2015-16 ਤੋਂ ਰਿਜਨਲ ਕੈਂਪਸ, ਜਲੰਧਰ ਵਿਖੇ B.A.(Hons.) Journalism & Mass Communication (CBCEGS) ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸੈਸ਼ਨ 2015-16 ਤੋਂ B.Tech.(Electronics & Communication Engineering) ਅਤੇ B.Tech.(Computer Science & Engineering) Ist Year ਤੋਂ ਬਾਅਦ ਰਿਜਨਲ ਕੈਂਪਸਜ਼ ਤੋਂ ਮੇਨ ਕੈਂਪਸ ਵਿਚ ਮਾਈਗ੍ਰੇਸ਼ਨ ਬੰਦ ਕਰਨ ਦੀ ਪੁਸ਼ਟੀ।**

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਬੋਰਡ ਆਫ ਕੰਟਰੋਲ, ਇਲੈਕਟ੍ਰਾਨਿਕਸ ਟੈਕਨਾਲੋਜੀ ਦੀ ਇੱਕਤਰਤਾ ਮਿਤੀ 10.3.2015 ਅਤੇ ਬੋਰਡ ਆਫ ਕੰਟਰੋਲ, ਕੰਪਿਊਟਰ ਇੰਜੀਨੀਅਰਿੰਗ ਤੇ ਟੈਕਨਾਲੋਜੀ ਦੀ ਇੱਕਤਰਤਾ ਮਿਤੀ 8.4.2015 ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ B.Tech.(Electronics & Communication Engineering) ਅਤੇ B.Tech.(Computer Science & Enginering) Ist Year ਤੋਂ ਬਾਅਦ ਯੂਨੀਵਰਸਿਟੀ ਕੈਂਪਸ ਅਤੇ ਰਿਜਨਲ ਕੈਂਪਸਜ਼ ਵਿਚ ਵਿਦਿਆਰਥੀਆਂ ਦੀ Uniform distribution ਨੂੰ ਬਰਕਰਾਰ ਰੱਖਣ ਹਿਤ ਰਿਜਨਲ ਕੈਂਪਸਜ਼ ਤੋਂ ਮੇਨ ਕੈਂਪਸ ਵਿਚ ਮਾਈਗ੍ਰੇਸ਼ਨ ਬੰਦ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

ਇਹ ਵੀ **ਪਾਸ ਹੋਇਆ** ਕਿ ਸੈਸ਼ਨ 2015-16 ਤੋਂ B.Tech.(Electronics & Communication Engineering) ਅਤੇ B.Tech.(Computer Science & Enginering) Ist Year ਤੋਂ ਬਾਅਦ ਮੇਨ ਕੈਂਪਸ ਤੋਂ ਰਿਜਨਲ ਕੈਂਪਸਜ਼ ਵਿਚ ਜਾਂ ਰਿਜਨਲ ਕੈਂਪਸਜ਼ ਤੋਂ ਰਿਜਨਲ ਕੈਂਪਸਜ਼ ਵਿਚ ਵੀ ਮਾਈਗ੍ਰੇਸ਼ਨ ਬੰਦ ਕੀਤੀ ਜਾਂਦੀ ਹੈ।

**ਐਮ.ਸੀ.ਏ. (ਪੰਜ ਸਾਲਾ ਕੋਰਸ)- ਤੀਸਰੇ ਸਮੈਸਟਰ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕਾਲਜ, ਜਲੰਧਰ ਤੋਂ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਬਤੌਰ ਸਪੈਸ਼ਲ ਕੇਸ ਵਜੋਂ ਸ਼ਿਫਟ ਕਰਨ ਦੀ ਪ੍ਰਵਾਨਗੀ।**

48. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕਾਲਜ, ਜਲੰਧਰ ਦੇ ਐਮ.ਸੀ.ਏ. (ਪੰਜ ਸਾਲਾ ਕੋਰਸ)- ਸਮੈਸਟਰ ਤੀਸਰਾ ਦੀ ਕਲਾਸ ਵਿਚ ਸਿਰਫ 9 ਵਿਦਿਆਰਥੀ (**ਅੰਤਿਕਾ** ਅਨੁਸਾਰ) ਹੋਣ ਕਾਰਣ ਪ੍ਰਿੰਸੀਪਲ ਦੀ ਸਿਫਾਰਸ਼ ਅਨੁਸਾਰ ਇਸ ਸਮੁੱਚੀ ਕਲਾਸ ਨੂੰ ਬਤੌਰ ਸਪੈਸ਼ਲ ਕੇਸ ਵਜੋਂ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਸ਼ਿਫਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਇਸ ਸ਼ਿਫਟਿੰਗ ਨੂੰ Migration ਵਜੋਂ ਅਤੇ ਭੱਵਿਖ ਵਿਚ precedence ਦੇ ਤੌਰ 'ਤੇ ਨਹੀਂ ਮੰਨਿਆ ਜਾਵੇਗਾ।

**ਸਾਲ 2015-16 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

49. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 90 'ਤੇ ਦਰਜ ਸਟੈਚਿਊਟ 12 ਅਨੁਸਾਰ ਸਾਲ 2015-16 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਵਿੱਤੀ ਸਾਲ 2014-15 ਲਈ ਯੂਨੀਵਰਸਿਟੀ ਕਰਮਚਾਰੀਆਂ ਦੇ ਕੰਟਰੀਬਿਊਟਰੀ/ਜਨਰਲ ਪ੍ਰੋਵੀਡੈਂਟ ਫੰਡ ਦੀ ਰਾਸ਼ੀ ਉਤੇ ਵਿਆਜ ਦੇਣ ਦੀ ਪ੍ਰਵਾਨਗੀ।**

50. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕਰਮਚਾਰੀਆਂ ਨੂੰ ਵਿੱਤੀ ਸਾਲ 2014-15 ਲਈ ਉਨ੍ਹਾਂ ਦੇ ਖਾਤੇ ਵਿਚ ਜਮ੍ਹਾਂ ਕੰਟਰੀਬਿਊਟਰੀ/ਜਨਰਲ ਪ੍ਰੋਵੀਡੈਂਟ ਫੰਡ ਦੀ ਰਾਸ਼ੀ ਉਤੇ 9.97% ਸਲਾਨਾ ਦਰ ਨਾਲ ਵਿਆਜ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਾਲ 2014-15 ਦੌਰਾਨ** CPS Tier-I **ਸਕੀਮ ਅਧੀਨ ਕਰਮਚਾਰੀਆਂ ਨੂੰ ਵਿਆਜ ਦੇਣ ਦੀ ਪ੍ਰਵਾਨਗੀ।**

51. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 1.1.2004 ਤੋਂ ਬਾਅਦ ਨਿਯੁਕਤ ਹੋਏ ਕਰਮਚਾਰੀਆਂ ਨੂੰ CPS Tier-I ਸਕੀਮ ਅਧੀਨ ਵਿੱਤੀ ਸਾਲ 2014-15 ਦੌਰਾਨ ਉਨ੍ਹਾਂ ਦੇ ਖਾਤੇ ਵਿਚ ਜਮ੍ਹਾਂ ਫੰਡ ਦੀ ਰਾਸ਼ੀ 'ਤੇ 8.01% ਸਲਾਨਾ ਦਰ ਨਾਲ ਵਿਆਜ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸੈਸ਼ਨ 2015-16 ਤੋਂ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ (ਕਪੂਰਥਲਾ) ਵਿਖੇ ਬੀ.ਕਾਮ. ਦਾ ਇਕ ਹੋਰ ਯੂਨਿਟ ਸ਼ੁਰੂ ਕਰਨ ਦੀ ਪ੍ਰਵਾਨਗੀ।**

52. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2015-16 ਤੋਂ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ (ਕਪੂਰਥਲਾ) ਵਿਖੇ ਬੀ.ਕਾਮ. ਦਾ ਇਕ ਹੋਰ ਯੂਨਿਟ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸ. ਜਸਵੰਤ ਸਿੰਘ ਰਾਏ ਮੈਮੋਰੀਅਲ ਟ੍ਰਸੱਟ, ਜਲੰਧਰ ਦਰਮਿਆਨ ਹੋਏ** MoU **ਵਿਚ ਵਾਧਾ।**

53. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸ. ਜਸਵੰਤ ਸਿੰਘ ਰਾਏ ਮੈਮੋਰੀਅਲ ਟ੍ਰਸੱਟ, ਜਲੰਧਰ ਦਰਮਿਆਨ ਪੰਜ ਸਾਲ ਲਈ ਹੋਏ MoU ਦੀ ਮਿਆਦ, ਜੋ ਕਿ ਮਿਤੀ 12.2.2015 ਨੂੰ ਖਤਮ ਹੋ ਚੁੱਕੀ ਹੈ, ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ 2015 ਤੋਂ ad-infinitum ਲਈ ਵਾਧਾ ਕੀਤਾ ਜਾਂਦਾ ਹੈ।

M.Phil. Thesis **ਦੀ** Evaluation **ਸਬੰਧੀ।**

54. ਵਿਚਾਰ ਉਪਰੰਤ

**ਪਾਸ ਹੋਇਆ** ਕਿ M.Phil. Thesis ਨੂੰ Evaluate ਕਰਨ ਸਬੰਧੀ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. M.Phil Thesis ਦੀ Evaluation ਬੋਰਡ ਆਫ ਕੰਟਰੋਲ ਦੁਆਰਾ

ਤਜਵੀਜ਼ ਕੀਤੀ ਅਤੇ ਉਪ-ਕੁਲਪਤੀ ਸਾਹਿਬ ਵਲੋਂ ਪ੍ਰਵਾਨਤ ਅੰਦਰੂਨੀ ਪ੍ਰੀਖਿਅਕਾਂ ਦੀ ਇਕ ਕਮੇਟੀ ਰਾਹੀਂ ਕਰਵਾਈ ਜਾਵੇ।

2. ਜੇਕਰ ਸਬੰਧਤ ਵਿਭਾਗ ਵਿਚ ਟੀਚਿੰਗ ਫੈਕਲਟੀ ਦੇ ਮੈਂਬਰ ਲੋੜੀਂਦੀ ਸਮੱਰਥਾ ਤੋਂ ਘੱਟ ਹੋਣਗੇ, ਤਾਂ ਉਸ ਵਿਭਾਗ ਦੇ ਮੁਖੀ ਨੂੰ ਇਹ ਅਧਿਕਾਰ ਹੋਣਗੇ ਕਿ ਉਹ ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਲੈ ਕੇ ਕਿਸੇ ਬਾਹਰਲੀ ਯੂਨੀਵਰਸਿਟੀ/ Allied ਵਿਭਾਗ ਵਿਚੋਂ ਪ੍ਰੀਖਿਅਕ ਨਿਯੁਕਤ ਕਰਕੇ Thesis ਦੀ Evaluation ਕਰਵਾਏਗਾ।
3. Thesis ਦੀ Evaluation ਹੋਣ ਉਪਰੰਤ ਉਸਦਾ Viva-voce ਉਪ-ਕੁਲਪਤੀ ਜੀ ਵੱਲੋਂ ਪ੍ਰਵਾਨਤ ਯੂਨੀਵਰਸਿਟੀ ਦੇ ਅਧਿਆਪਕਾਂ ਦੇ ਇਕ ਪੈਨਲ ਵੱਲੋਂ ਕਰਵਾਇਆ ਜਾਵੇਗਾ।

**ਸੈਸ਼ਨ 2015-16 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਵਿਖੇ ਸ਼ੁਰੂ ਹੋ ਰਹੇ ਕੋਰਸਾਂ ਦੇ ਫੀਸ ਸਟਰਕਚਰ ਦੀ ਪੁਸ਼ਟੀ।**

55. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਵਿਖੇ ਸੈਸ਼ਨ 2015-16 ਤੋਂ ਸ਼ੁਰੂ ਹੋ ਰਹੇ ਕੋਰਸਾਂ ਦਾ ਫੀਸ ਸਟਰਕਚਰ ਕਾਂਸਟੀਚੂਐਂਟ ਕਾਲਜਾਂ ਦੇ ਫੀਸ ਸਟਰਕਚਰ ਦੇ ਆਧਾਰ 'ਤੇ ਹੇਠਾਂ ਦਰਜ ਲੜੀ ਨੰ: 2 ਅਤੇ 3 ਅਨੁਸਾਰ ਪ੍ਰਵਾਨ ਕੀਤਾ ਹੈ:-

**1. ਕਾਂਸਟੀਚੂਐਂਟ ਕਾਲਜਾਂ ਦਾ ਫੀਸ ਸਟਰਕਚਰ:-**

| Course | Tuition Fee (Rs.) | Funds (Rs.) | Other Funds (Rs.) | Total (Rs.) |
|---|---|---|---|---|
| B.C.A. Part-I | 15380 | 5840 | 2350 | 23570 |
| B.Com. Part-I | 8520 | 1845 | 2350 | 12715 |
| P.G.D.C.A. | 15380 | 5840 | 2350 | 23570 |

**2. ਲੜੀ ਨੰ:1 ਦੇ ਆਧਾਰ 'ਤੇ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਦਾ ਫੀਸ ਸਟਰਕਚਰ**

| Course | Fee/Funds for Ist Sem (Rs.) | Fee for 2nd Sem (Rs.) | Total Fee Funds for One Year (Rs.) |
|---|---|---|---|
| B.C.A. Part-I | 16500 | 7070 | 23570 |
| B.Com. Part-I | 8900 | 3815 | 12715 |
| P.G.D.C.A. | 16500 | 7070 | 23570 |

**3. ਸੈਸ਼ਨ 2015-16 ਦੌਰਾਨ ਫੀਸਾਂ ਵਿਚ 30% Relaxation ਦਿੰਦਿਆਂ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਦਾ ਫੀਸ ਸਟਰਕਚਰ**

| Course | Fee/Funds for Ist Sem (Rs.) | Fee for 2nd Sem (Rs.) | Total Fee Funds for One Year (Rs.) |
|---|---|---|---|
| B.C.A. Part-I | 11550 | 4950 | 16500 |

| | | | |
|---|---|---|---|
| B.Com. Part-I | 6230 | 2670 | 8900 |
| P.G.D.C.A. | 11550 | 4950 | 16500 |

**DST ਵੱਲੋਂ ਪ੍ਰਵਾਨਿਤ Major Research Project ਅਧੀਨ ਨਿਯੁਕਤ ਮਿਸ. ਜਸਲੀਨ ਕੋਹਲੀ, ਪ੍ਰੋਜੈਕਟ ਫੈਲੋ ਦੀ ਫੈਲੋਸ਼ਿਪ Terminate ਕਰਨ ਸਬੰਧੀ।**

56. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸੁਬੋਧ ਕੁਮਾਰ, ਪ੍ਰਿੰਸੀਪਲ ਇਨਵੈਸਟੀਗੇਟਰ ਤੇ ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਰਿਪੋਰਟ ਅਤੇ ਮੁਖੀ, ਕੈਮਿਸਟਰੀ ਵਿਭਾਗ ਵੱਲੋਂ ਕੀਤੀ ਸਿਫਾਰਸ਼ ਨੂੰ ਮੁੱਖ ਰੱਖਦਿਆਂ, DST ਵਲੋਂ ਪ੍ਰਵਾਣਿਤ Major Research Project ਅਧੀਨ ਨਿਯੁਕਤ ਮਿਸ. ਜਸਲੀਨ ਕੋਹਲੀ, ਪ੍ਰੋਜੈਕਟ ਫੈਲੋ, ਦੀ Progress Report satisfactory ਨਾ ਹੋਣ ਕਰਕੇ ਮਿਤੀ 19.3.2015 ਤੋਂ ਫੈਲੋਸ਼ਿਪ Terminate ਕੀਤੀ ਜਾਂਦੀ ਹੈ।

**LL.B. (2 yrs) Academic Course ਅਤੇ B.Com. (Insurance & Risk Management) ਦੇ ਅਧਿਆਦੇਸ਼ ਕੈਲੰਡਰ ਵਿਚੋਂ delete ਕਰਨ ਦੀ ਪ੍ਰਵਾਨਗੀ।**

57. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ LL.B.(2Yrs) Academic ਅਤੇ B.Com. (Insurance & Risk Mangement) ਕੋਰਸ ਬੰਦ ਹੋਣ ਕਰਕੇ ਇਨ੍ਹਾਂ ਕੋਰਸਾਂ ਦੇ ਅਧਿਆਦੇਸ਼, ਜੋ ਕਿ ਕ੍ਰਮਵਾਰ ਯੂਨੀਵਰਸਿਟੀ ਕੈਲੰਡਰ ਜਿਲਦ ਤੀਜੀ ਦੇ ਪੰਨਾ ਨੰ: 150-151 ਅਤੇ ਯੂਨੀਵਰਸਿਟੀ ਕੈਲੰਡਰ ਜਿਲਦ ਦੂਜੀ ਦੇ ਪੰਨਾ ਨੰ: 320-322 'ਤੇ ਦਰਜ ਹਨ, ਨੂੰ ਕੈਲੰਡਰ ਵਿਚੋਂ delete ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਮਾਤਾ ਸਾਹਿਬ ਕੌਰ ਖਾਲਸਾ ਕਾਲਜ ਫਾਰ ਵਿਮੈਨ, ਚੰਡੋਵਾਲ (ਸ਼ਾਹਕੋਟ), ਜਿਲ੍ਹਾ ਜਲੰਧਰ ਵਿਖੇ ਬੀ.ਕਾਮ. ਕੋਰਸ ਸ਼ੁਰੂ ਕਰਨ ਦੀ ਪੁਸ਼ਟੀ।**

58. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਾਤਾ ਸਾਹਿਬ ਕੌਰ ਖ਼ਾਲਸਾ ਕਾਲਜ ਫਾਰ ਵਿਮੈਨ, ਚੰਡੋਵਾਲ (ਸ਼ਾਹਕੋਟ), ਜਿਲ੍ਹਾ ਜਲੰਧਰ ਨੂੰ ਸੈਂਟਰ ਫਾਰ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2015-16 ਤੋਂ ਬੀ.ਕਾਮ. ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

**ਬਾਬਾ ਦੀਪ ਸਿੰਘ ਕਾਲਜ, ਪਿੰਡ ਸੰਗਤਪੁਰ, ਡਾਕਖਾਨਾ-ਭਿਖਾਰੀਵਾਲ, ਜਿਲ੍ਹਾ ਗੁਰਦਾਸਪੁਰ ਨੂੰ ਬੀ.ਏ. ਕੋਰਸ ਵਿਚ 40% ਦਾਖਲੇ ਤੋਂ ਛੋਟ ਦੇਣ ਦੀ ਪੁਸ਼ਟੀ।**

59. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਬਾਬਾ ਦੀਪ ਸਿੰਘ ਕਾਲਜ, ਪਿੰਡ ਸੰਗਤਪੁਰ, ਡਾਕਖਾਨਾ-ਭਿਖਾਰੀਵਾਲ, ਜਿਲ੍ਹਾ ਗੁਰਦਾਸਪੁਰ ਨੂੰ ਸੈਂਟਰ ਫਾਰ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2015-16 ਲਈ ਬੀ.ਏ. ਕੋਰਸ ਵਿਚ 40% ਦਾਖਲੇ ਤੋਂ ਵਿਸ਼ੇਸ਼ ਕੇਸ ਵਜੋਂ ਛੋਟ

ਦਿੱਤੀ ਹੈ ਅਤੇ ਇਸਨੂੰ ਭਵਿੱਖ ਵਿਚ precedence ਵਜੋਂ ਨਹੀਂ ਲਿਆ ਜਾਵੇਗਾ।

**LPA No. 592 of 2014 GNDU, Amritsar v/s P.O. Labour Court & Anrs. ਦੇ ਕੇਸ ਵਿਚ ਹੋਏ ਫੈਸਲੇ ਅਨੁਸਾਰ ਸ਼੍ਰੀ ਭਗਤ ਸਿੰਘ, ਸਾਬਕਾ ਅਟੈਂਡੈਂਟ (Adhoc Basis) ਨੂੰ Re-instate ਕਰਨ ਅਤੇ ਅਦਾਇਗੀਆਂ ਕਰਨ ਦੀ ਪੁਸ਼ਟੀ।**

60. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ LPA No. 592 of 2014 GNDU, Amritsar v/s P.O. Labour Court & Anrs. ਦੇ ਕੇਸ ਵਿਚ ਸ਼੍ਰੀ ਭਗਤ ਸਿੰਘ, ਸਾਬਕਾ ਅਟੈਂਡੈਂਟ (Adhoc Basis), Pro-Vice-Chancellor's Office, ਜਿਸ ਦੀ ਨਿਯੁਕਤੀ (ਆਰਜੀ ਤੌਰ 'ਤੇ) ਦੀ ਟਰਮ ਮਿਤੀ 5.10.1988 ਨੂੰ ਖਤਮ ਹੋਣ ਉਪਰੰਤ, ਉਸਦੀ ਟਰਮ ਵਿਚ ਹੋਰ ਵਾਧਾ ਨਹੀਂ ਕੀਤਾ ਗਿਆ ਸੀ, ਵੱਲੋਂ ਕੀਤੇ ਕੇਸ ਵਿਚ Labour Court, Amritsar ਅਤੇ Punjab & Haryana High Court, Chandigarh ਵੱਲੋਂ ਉਸਨੂੰ ਮਿਤੀ 6.10.1988 ਤੋਂ Re-instate ਕਰਨ ਦੇ ਹੋਏ ਆਦੇਸ਼ਾਂ ਲਈ ਦਿੱਤੇ ਫੈਸਲੇ (**ਅੰਤਿਕਾ–I(i),(ii)**) ਅਤੇ ਯੂਨੀਵਰਸਿਟੀ ਸਟੈਂਡਿੰਗ ਕੌਂਸਲ ਸ਼੍ਰੀ ਅੰਮ੍ਰਿਤਪਾਲ ਜੀ ਵੱਲੋਂ ਦਿੱਤੀ ਕਾਨੂੰਨੀ ਰਾਇ (**ਅੰਤਿਕਾ–II**) ਅਨੁਸਾਰ ਹੇਠ ਲਿਖੇ ਆਦੇਸ਼ ਦਿੱਤੇ ਹਨ:-

1. LPA No. 592 of 2014 GNDU, Amritsar v/s P.O. Labour Court & Anrs. ਦੇ ਸਬੰਧ ਵਿਚ Labour Court, Amritsar ਅਤੇ Punjab & Haryana High Court, Chandigarh ਵੱਲੋਂ ਦਿੱਤੇ ਫੈਸਲੇ ਅਨੁਸਾਰ ਸ਼੍ਰੀ ਭਗਤ ਸਿੰਘ, ਜੋ ਕਿ Pro-VC ਦਫਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਅਟੈਂਡੈਂਟ (ਐਡਹਾਕ ਬੇਸਿਜ਼) 'ਤੇ ਕੰਮ ਕਰਦਾ ਸੀ, ਨੂੰ ਉਸ ਦੀ ਪਿਛਲੀ ਅਸਾਮੀ ਅਟੈਂਡੈਂਟ On Purely Temporary and Adhoc Basis ਮਿਤੀ 6.10.1988 ਤੋਂ with continuity of Service, ਉਸ ਸਮੇਂ ਦੇ Pay Scale of Rs. 300-5-325/5-350/10-430 'ਤੇ existing pay scale ਅਤੇ ਉਸ ਦੀ ਅਸਾਮੀ ਅਟੈਂਡੈਂਟ ਨਾਲ ਜੁੜੇ Pay scale (ਵਿਸਥਾਰ ਵੇਰਵਾ **ਅੰਤਿਕਾ–III** 'ਤੇ ਹੈ) ਨਾਲ Re-instate (ਬਹਾਲ) ਕਰ ਦਿੱਤਾ ਜਾਵੇ।

2. ਮਿਤੀ 3.10.1988 ਤੋਂ 5.10.1988 ਤੱਕ ਉਸ ਨੂੰ ਅਦਾ ਕੀਤੇ ਗਏ 100% wages ਵਿਚੋਂ ਉਸ (ਭਗਤ ਸਿੰਘ) ਤੋਂ 75% wages ਦੀ ਰਿਕਵਰੀ ਕਰ ਲਈ ਜਾਵੇ (ਕਿਉਂਕਿ ਉਸ ਨੂੰ ਮਿਤੀ 3.10.1988 ਤੋਂ 5.10.1988 ਤੱਕ 100% wages ਦੀ ਅਦਾਇਗੀ ਪਹਿਲਾਂ ਹੀ ਹੋ ਚੁੱਕੀ ਹੈ।)

3. ਉਸ (ਭਗਤ ਸਿੰਘ) ਨੂੰ ਮਿਤੀ 6.10.1988 ਤੋਂ 15.4.1998 ਤੱਕ 25% Back wages ਦੇ ਦਿੱਤੇ ਜਾਣ।

4. ਮਿਤੀ 16.4.1998 ਤੋਂ ਉਸ (ਭਗਤ ਸਿੰਘ) ਦੇ ਬਣਦੇ Wages with all future increases in salary w.e.f. 3.10.1988 as applicable to his post from time to time upto date, in the existing pay scale of 4900-10680+1650GP plus

allowances as attached at present to the said post of attendant ਦੇ ਦਿੱਤੇ ਜਾਣ।

5. ਮਿਤੀ 6.10.1988 ਤੋਂ ਮਿਤੀ 31.3.2015 ਤੱਕ ਸਿੰਡੀਕੇਟ ਦੀ ਇੱਕਤਰਤਾ ਮਿਤੀ 18.3.2015 ਪੈਰਾ ਨੰ: 3 ਰਾਹੀਂ ਪ੍ਰਵਾਨ ਹੋਈ ਅਟੈਂਡੈਂਟ ਦੀ ਇੱਕ Superneumerary ਅਸਾਮੀ ਵਿਰੁੱਧ ਪੇਅ ਚਾਰਜ (Pay charge) ਕਰ ਲਈ ਜਾਵੇ।

6. ਮਿਤੀ 1.4.2015 ਤੋਂ ਯੂਨੀਵਰਸਿਟੀ ਗੈਸਟ ਹਾਊਸ ਵਿਚ ਖਾਲੀ ਅਟੈਂਡੈਂਟ ਦੀ ਅਸਾਮੀ ਵਿਰੁੱਧ ਪੇਅ ਚਾਰਜ ਕਰ ਲਈ ਜਾਵੇ ਅਤੇ ਉਸ ਦੀ ਪੋਸਟਿੰਗ ਯੂਨੀਵਰਸਿਟੀ ਗੈਸਟ ਹਾਊਸ ਵਿਖੇ ਕਰ ਦਿੱਤੀ ਜਾਵੇ।

**ਸਬੰਧਤ ਹੋਸਟਲ/ ਵਿਭਾਗ/ ਗੈਸਟ ਹਾਊਸ/ ਕਾਲਜ ਦਾ ਨਾਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

61. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਾਹਿਬਜ਼ਾਦਾ ਜੁਝਾਰ ਸਿੰਘ ਲੜਕਿਆਂ ਦੇ ਹੋਸਟਲ-I ਵਿਖੇ 3,36,708/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 17.4.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 27.4.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

(ੲ) ਯੂਨੀਵਰਸਿਟੀ ਗੈਸਟ ਹਾਊਸ ਵਿਖੇ 1,91,926/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 19.3.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

(ਸ) ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦਾ ਸਮਾਨ (ਜਿਸਦੀ ਕੀਮਤ ਲਗਭਗ 16 ਲੱਖ ਰੁਪਏ ਹੋ ਸਕਦੀ ਹੈ), ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 9.5.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**Bachelor of Tourism & Travel Management (Under Credit Based Continuous Evaluation Grading System) Semester I-II ਦੀ ਯੋਗਤਾ ਸ਼ਰਤ (Eligibility) ਅਤੇ ਅਧਿਆਦੇਸ਼ ਦੀ ਪ੍ਰਵਾਨਗੀ।**

62. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 18.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡੀਨ, ਫੈਕਲਟੀ ਆਫ ਇਕਨਾਮਿਕਸ ਐਂਡ ਬਿਜ਼ਨੈਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ Bachelor of Tourism & Travel Management(BTTM) (Under Credit Based Continuous Evaluation Grading System) Sememster I-II ਲਈ ਹੇਠ ਲਿਖੇ ਅਨੁਸਾਰ ਯੋਗਤਾ ਸ਼ਰਤ (Eligibility) ਪ੍ਰਵਾਨ ਕੀਤੀ ਜਾਂਦੀ ਹੈ ਅਤੇ ਅਧਿਆਦੇਸ਼ Credit Based Continuous Evaluation Grading System ਵਾਲੇ ਹੀ ਲਾਗੂ ਹੋਣਗੇ:-

**Eligibility:-**

"1. Senior Secondary Examinations (10+2) with atleast 50% marks in aggregate.
2. Any Other examination recognized equivalent thereto by GNDU, Amritsar."

**ਸਬੰਧਤ ਐਡਵੋਕੇਟ ਨੂੰ ਕੇਸਾਂ ਦੀ ਪੈਰਵੀ ਹਿੱਤ ਅਦਾਇਗੀ ਦੀ ਪੁਸ਼ਟੀ।**

63. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) CWP No. 5192-2015=Amritsar Civil Society, Amritsar Vs. GNDU & Others ਦੇ ਕੇਸ ਵਿਚ ਨਿਯੁਕਤ ਸ਼੍ਰੀ ਪਵਨ ਕੁਮਾਰ, ਸੀਨੀਅਰ ਐਡਵੋਕੇਟ, ਮਕਾਨ ਨੰ: 246, ਸੈਕਟਰ 17, ਪੰਚਕੂਲਾ ਨੂੰ 55,000/- ਰੁਪਏ ਫੀਸ ਦੀ ਪੇਸ਼ਗੀ ਅਦਾਇਗੀ ਦੀ ਪ੍ਰਵਾਨਗੀ ਦਿੱਤੀ ਹੈ।

(ਅ) SLP(c) No. 3417 of 2014 (GNDU & Ors. Vs. Shayana Kanotra) in Supreme Court- against final judgement dated 15.1.2014 in LPA No. 1528 of 2014 (Shayana Kanotra Vs. GNDU) decided on 9.2.2015 by the Supreme Court ਦੇ ਕੇਸ ਵਿਚ ਨਿਯੁਕਤ ਸ਼੍ਰੀ ਹਿਮਿੰਦਰ ਲਾਲ, ਐਡਵੋਕੇਟ, ਨਵੀਂ ਦਿੱਲੀ ਨੂੰ 46,800/- ਰੁਪਏ ਫੀਸ ਦੀ ਅਦਾਇਗੀ ਦੀ ਪ੍ਰਵਾਨਗੀ ਦਿੱਤੀ ਹੈ।

**ਸ਼੍ਰੀ ਅਰਮਿੰਦਰ ਸਿੰਘ ਅਰੋੜਾ, ਐਡਵੋਕੇਟ ਨੂੰ ਸਬੰਧਤ ਕੇਸਾਂ ਦੀ ਪੈਰਵੀ ਹਿੱਤ ਅਦਾਇਗੀ ਦੀ ਪੁਸ਼ਟੀ।**

64. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਅਰਮਿੰਦਰ ਸਿੰਘ ਅਰੋੜਾ, ਐਡਵੋਕੇਟ ਨੂੰ Dr. Jogishwar Singh Sohal Versus 1. Punjab Agriculture University, Ludhiana 2. Guru Nanak Dev University, Amritsar ਦੇ ਕੇਸ ਹੇਠ ਲਿਖੀਆਂ ਅਦਾਲਤਾਂ ਵਿਚ Contest ਕਰਨ ਲਈ ਉਨ੍ਹਾਂ ਦੇ ਸਾਹਮਣੇ ਦਰਸਾਏ ਅਨੁਸਾਰ ਬਕਾਇਆ ਫੀਸ/ ਫੀਸਾਂ ਦੀ ਕੁੱਲ 30000/- ਰੁਪਏ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

| | |
|---|---|
| 1. In the Court of Civil Judge Senior Division, Ludhiana. | Rs. 2500/- (Misc. Charges) (ਬਕਾਇਆ ਫੀਸ) |

| | |
|---|---|
| 2. In the Court of Miss Priya Sood, Additional District and Session Judge, Ludhiana. | Rs. 11000/- |
| 3. Execution in the Court of Ms. Manni Arora, Civil Judge, Junior Division, Ludhiana. | Rs. 16500/- |
| **Total** | Rs. 30000/- |

**ਟੈਂਡਰ ਕਮੇਟੀ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

65. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 1.7.2015 ਤੋਂ 30.6.2016 ਤੱਕ, ਇਕ ਸਾਲ ਲਈ ਟੈਂਡਰ ਕਮੇਟੀ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ਸਬੰਧੀ ਐਡਵਾਈਜ਼ਰੀ ਕਮੇਟੀ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

66. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 73 ਉਤੇ ਸਟੈਚਿਊਟ 91(ii) ਅਧੀਨ ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ਨੂੰ ਵਿਚਾਰਨ ਹਿਤ ਮਿਤੀ 1.7.2015 ਤੋਂ 30.6.2016 ਤੱਕ ਇਕ ਸਾਲ ਲਈ ਐਡਵਾਈਜ਼ਰੀ ਕਮੇਟੀ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਰੈਗੂਲੇਸ਼ਨਜ਼ ਕਮੇਟੀ ਦੀ ਨਿਯੁਕਤੀ ਸਬੰਧੀ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

67. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 1 ਉੱਤੇ ਅਧਿਆਦੇਸ਼ 1 ਅਨੁਸਾਰ ਮਿਤੀ 1.7.2015 ਤੋਂ 30.6.2016 ਤੱਕ, ਇਕ ਸਾਲ ਲਈ ਰੈਗੂਲੇਸ਼ਨਜ਼ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਹਾਊਸ ਅਲਾਟਮੈਂਟ ਕਮੇਟੀ ਦੀ ਨਿਯੁਕਤੀ ਸਬੰਧੀ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

68. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 241 ਉਤੇ ਰੈਗੂਲੇਸ਼ਨ 4 ਅਨੁਸਾਰ ਮਿਤੀ 1.7.2015 ਤੋਂ 30.6.2017 ਤੱਕ, ਦੋ ਸਾਲ ਲਈ ਹਾਊਸ ਅਲਾਟਮੈਂਟ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸਬੰਧਤ ਕਾਲਜਾਂ ਦੇ ਵਿਦਿਆਰਥੀਆਂ / ਪ੍ਰਾਈਵੇਟ ਵਿਦਿਆਰਥਣ ਨੂੰ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਵਾਉਣ ਦੀ ਪੁਸ਼ਟੀ।**

69. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ **ਅੰਤਿਕਾ** ਵਿਚ ਦਰਸਾਏ ਕਾਲਜਾਂ ਦੇ ਵਿਦਿਆਰਥੀਆਂ/ ਪ੍ਰਾਈਵੇਟ ਵਿਦਿਆਰਥਣ, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 30.4.2015 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕੇ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ ਬਣਦੀ ਸਾਧਾਰਣ ਫੀਸ ਤੋਂ ਇਲਾਵਾ 1000/- ਰੁਪਏ ਪ੍ਰਤੀ ਵਿਦਿਆਰਥੀ ਜੁਰਮਾਨਾ ਫੀਸ ਨਾਲ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਨ ਦੀ ਆਗਿਆ ਦਿੱਤੀ ਹੈ।

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀਆਂ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ।**

70. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀ1/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀਪੀ1/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ | ਜਿਸ ਮਿਤੀ ਤੋਂ ਇਨਕਰੀਮੈਂਟ ਦੇਣੀ ਹੈ/ ਇਨਕਰੀਮੈਂਟ ਦੀ ਰਕਮ(ਰੁ:) | ਬਣਦੀ ਬੇਸਿਕ ਤਨਖਾਹ(ਰੁ:) |
|---|---|---|---|---|
| 1. | ਸ੍ਰੀ ਮਨਵਿੰਦਰ ਸਿੰਘ, ਨਿਗਰਾਨ | 4 ਸਾਲਾ | 8.4.2015 ਤੋਂ 840/- | 23340+5400G.P. = 28740/- |
| 2. | ਸ੍ਰੀਮਤੀ ਮਨਿੰਦਰ ਕੌਰ, ਨਿਗਰਾਨ | 4 ਸਾਲਾ | 1.4.2015 ਤੋਂ 820/- | 22720+5400G.P. =28120/- |

MBA(TYC) Part Time **ਦੀ ਯੋਗਤਾ ਸ਼ਰਤ ਦੀ ਪ੍ਰਵਾਨਗੀ।**

71. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਮੈਨ, ਬੋਰਡ ਆਫ ਕੰਟਰੋਲ, ਯੂਨੀਵਰਸਿਟੀ ਬਿਜ਼ਨੈਸ ਸਕੂਲ ਅਤੇ ਡੀਨ, ਫੈਕਲਟੀ ਆਫ ਇਕਨਾਮਿਕਸ ਐਂਡ ਬਿਜ਼ਨੈਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ MBA(TYC) Part Time ਦੀ ਯੋਗਤਾ ਸ਼ਰਤ (Eligibility) ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ:-

1. Bachelor degree in any subject with atleast 50% marks.
2. Any other examination recognized equivalent thereto.
3. In addition, the candidate should have one year executive work experience after graduation.

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ।**

72. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ ਤੇ ਫੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|
| 1. Purnima Khanna | Importance of Witness Protection in the Criminal Justice System of India. | ਲਾਅ-ਲਾਅਜ਼ ਫੈਕਲਟੀ। |
| 2. Rajneet Kaur Soodan | Monitoring of Agricultural Soils of Amritsar for their Genotoxicity and Effect on Antioxidative Defense System in Allium cepa L. | ਇਨਵਾਇਰਨਮੈਂਟਲ ਸਾਇੰਸਜ਼-ਲਾਈਫ ਸਾਇੰਸਜ਼ ਫੈਕਲਟੀ। |
| 3. Vanita Chahal | Estimation of Physico-chemical Characteristics of Agricultural Soil Samples of Amritsar and Their Effects using Different Bioassays. | ਬੋਟਨੀ-ਲਾਈਫ ਸਾਇੰਸਜ਼ ਫੈਕਲਟੀ। |
| 4. Harmandip Kaur Bindra | ਪੰਜਾਬ ਵਿਚ ਮਿੱਟੀ ਦੇ ਬਰਤਨ ਬਣਾਉਣ ਦੀ ਕਲਾ: ਸਮਾਜ-ਸਭਿਆਚਾਰਕ ਅਧਿਐਨ। | ਪੰਜਾਬੀ-ਲੈਂਗੁਏਜਿਜ਼ ਫੈਕਲਟੀ। |
| 5. Amandeep Kaur | ਪੰਜਾਬੀ ਲੋਕ ਬੁਣਨ ਕਲਾ: ਸਮਾਜ-ਸਭਿਆਚਾਰਕ ਅਧਿਐਨ। | - ਉਹੀ - |
| 6. Sunil Kumar Singh | Isolation and Characterization of Promoter from Male Gametophyte of Arabidopsis thaliana. | ਬਾਇਓ-ਟੈਕਨਾਲੋਜੀ-ਲਾਈਫ ਸਾਇੰਸਜ਼ ਫੈਕਲਟੀ। |
| 7. Wajid Waheed | Molecular Cloning, Promoter Isolation and Expression Profiling of Some Key Pathway Genes of Picrosides Biosynthesis from Picrorhiza Kurroa Royle Ex. Benth. | - ਉਹੀ - |
| 8. Satiander Rana | Molecular cloning, Characterization and Expression Analysis of NADPH-Cytochrome P450 Reductases and Cytochrome P450 Monooxygenase from Withania somnifera (L.) Dunal. | - ਉਹੀ - |
| 9. Nisha | Design, Synthesis and Biological Evaluation of $^{99m}$Tc SPECT Radiopharmaceuticals and MR Contrast Agents for Targeted Molecular Imaging. | ਫਾਰਮਾਸਿਊਟੀਕਲ ਸਾਇੰਸਜ਼-ਲਾਈਫ ਸਾਇੰਸਜ਼ ਫੈਕਲਟੀ। |
| 10. Randeep Bal | Socio-Economic Status and Livelihood Security of Rural Women in Punjab. | ਇਕਨਾਮਿਕਸ-ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 11. Rajan Saini | Study of Phthalocyanine Based Materials for Device Applications. | ਫਿਜ਼ਿਕਸ-ਸਾਇੰਸਜ਼ ਫੈਕਲਟੀ। |

| | | |
|---|---|---|
| 12. Lalit Kumar | Changing Contours of Indian Party System: 1996-2009. | ਪੋਲੀਟੀਕਲ ਸਾਇੰਸ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 13. Kanwar Mandeep Singh Dhillon | A Study of Anthropometric Measurements and Fitness Level of Rural and Urban Boys of Punjab. | ਫਿਜ਼ੀਕਲ ਐਜੂਕੇਸ਼ਨ- ਫਿਜ਼ੀਕਲ ਐਜੂਕੇਸ਼ਨ ਫੈਕਲਟੀ। |
| 14. Sukhbir Singh | A Study of Motor Fitness Components, Personality Traits and Respiratory Indices of Sprinters, Throwers and Jumpers. | - ਉਹੀ - |
| 15. Malkit Singh | ਇੱਕਵੀਂ ਸਦੀ ਦੇ ਪਹਿਲੇ ਦਹਾਕੇ ਦਾ ਪੰਜਾਬੀ ਨਾਵਲ: ਸਮਾਜ-ਮਨੋਵਿਗਿਆਨਕ ਅਧਿਐਨ (ਮਿੱਤਰ ਸੈਨ ਮੀਤ, ਇੰਦਰ ਸਿੰਘ ਖਾਮੋਸ਼, ਬਲਦੇਵ ਸਿੰਘ, ਕੇਵਲ ਕਲੋਟੀ ਅਤੇ ਮਨਮੋਹਨ ਬਾਵਾ ਦੇ ਵਿਸ਼ੇਸ਼ ਸੰਦਰਭ ਵਿਚ) | ਪੰਜਾਬੀ- ਲੈਂਗੂਏਜ਼ਿਜ਼ ਫੈਕਲਟੀ। |
| 16. Ashwani Kumar Sood | Mixed Micellization Behaviour of Binary Surfactant Mixtures in Aqueous Solutions at Different Temperatures. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 17. Harshveer | Studies in the Synthesis and Molecular recognition Behaviour of Triphenylene and Pyrene Based Receptors. | - ਉਹੀ - |
| 18. Pankaj Pandotra | Molecular and Chemical Characterization of Zingiber Officinale Collected from North-Western Himalayan Region. | ਬਾਇਓ-ਟੈਕਨਾਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 19. Varinder Kaur | Effect of Face-to-Face B.Ed. Programme on Professional Commitment and Teaching Competencies of Interns. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |
| 20. Sunila Dhir | A Progress of Elementary Education in Punjab from 1966 to 2008. | - ਉਹੀ - |
| 21. Rajbir Kaur | Toxic Effects of Wastewater from Tung Dhab Drain to Freshwater Fish Labeo Rohita (Hamilton, 1822). | ਜ਼ੁਆਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 22. Rajbir Kamboj alias Rajbir Bhatti | Pharmacognostic and Pharmacological Studies on the leaves of Aegle marmelos Corr. | ਫਾਰਮਾਸਿਊਟੀਕਲ ਸਾਇੰਸਜ਼- ਲਾਈਫ ਸਾਇੰਸਜ਼ ਫੈਕਲਟੀ। |
| 23. Prabhjot Kaur | Economic Development and Convergence across Indian States: An Empirical Investigation. | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |

| | | |
|---|---|---|
| 24. Arvinder Pal Singh | Study of Anthropometric Characteristics in National Level Wrestlers. | ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ- ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਫੈਕਲਟੀ। |
| 25. Amandeep Rattan | Brassinosteroids Regulated changes in Physiological and Biochemical Parameters in Zea Mays under Salt Stress. | ਬੋਟਨੀ- ਲਾਈਫ ਸਾਇੰਸਜ਼ ਫੈਕਲਟੀ। |
| 26. Supreet Sandhu | Impact of Information Technology on Service Quality in Banking Sector of Punjab. | ਬਿਜ਼ਨੈਸ ਐਡਮਿਨਿਸਟ੍ਰੇਸ਼ਨ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 27. Kabal Singh Bhatti | The Swadeshi Movement in the Punjab (1905-1907) | ਹਿਸਟਰੀ- ਆਰਟਸ ਤੇ ਸੋਸ਼ਲ ਸਾਇੰਸ ਫੈਕਲਟੀ। |
| 28. Pankaj Patial | Synthesis, Characterization and Evaluation of Cationoc Gemini Surfactants. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 29. Rupali | Ecological Status and Conservation of Natural Wetlands of District Gurdaspur (Punjab). | ਜ਼ੁਆਲੋਜੀ- ਲਾਈਫ ਸਾਇੰਸਜ਼ ਫੈਕਲਟੀ। |

**ਉਪ-ਕੁਲਪਤੀ ਸਾਹਿਬ ਦਾ ਬਿਆਨ।**

73. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਨੂੰ ਯੂ.ਜੀ.ਸੀ. ਵੱਲੋਂ ਮਿਤੀ 1.4.2015 ਤੋਂ 31.3.2020 ਤੱਕ ਹੇਠ ਲਿਖੇ ਅਨੁਸਾਰ ਗ੍ਰਾਂਟ ਮਨਜ਼ੂਰ ਹੋਈ ਹੈ:-
   - ਪੰਜਾਬ ਸਕੂਲ ਆਫ ਇਕਨਾਮਿਕਸ ਨੂੰ DRS-II ਤੋਂ DRS-III ਵਿਚ upgrade ਕੀਤਾ ਗਿਆ ਹੈ ਅਤੇ ਇਸ ਸਕੀਮ ਅਧੀਨ ਉਸ ਨੂੰ 90.50 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ।
   - ਸੋਸ਼ਿਆਲੋਜੀ ਵਿਭਾਗ ਨੂੰ DRS-II ਤੋਂ DRS-III ਵਿਚ upgrade ਕੀਤਾ ਗਿਆ ਹੈ ਅਤੇ ਇਸ ਸਕੀਮ ਅਧੀਨ ਉਸ ਨੂੰ 83 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ।
   - ਫਿਜ਼ਿਕਸ ਵਿਭਾਗ ਨੂੰ DRS-I ਤੋਂ DRS-II ਵਿਚ upgrade ਕੀਤਾ ਗਿਆ ਹੈ ਅਤੇ ਇਸ ਸਕੀਮ ਅਧੀਨ 64.00 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ।
   - ਪੰਜਾਬੀ ਅਧਿਐਨ ਸਕੂਲ ਨੂੰ DRS-II ਤੋਂ DRS-III ਵਿਚ upgrade ਕੀਤਾ ਗਿਆ ਹੈ ਅਤੇ ਇਸ ਸਕੀਮ ਅਧੀਨ ਉਸ ਨੂੰ 61.95 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ।

2. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਬੈਚ-2015 ਦੇ 140 ਵਿਦਿਆਰਥੀਆਂ ਦੀ ਵੱਖ-ਵੱਖ ਨੈਸ਼ਨਲ/ ਮਲਟੀ ਨੈਸ਼ਨਲ ਕੰਪਨੀਆਂ ਵਲੋਂ ਨੌਕਰੀ ਲਈ ਚੋਣ ਕੀਤੀ ਗਈ ਹੈ ਅਤੇ ਇਸ ਤਰ੍ਹਾਂ ਹੁਣ ਤੱਕ ਇਸ ਬੈਚ ਦੇ ਕੁੱਲ 724 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ।

3. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸਨਜ਼ ਦੇ ਯਤਨਾਂ ਸਦਕਾ ਇਸ ਵਾਰ ਜਨਰਲ, ਅਨੁਸੂਚਿਤ ਜਾਤੀ, ਪੱਛੜੀਆਂ ਅਤੇ ਅਲਪ-ਸੰਖਿਅਕ ਸ਼੍ਰੇਣੀਆਂ ਨਾਲ ਸਬੰਧਤ ਪੰਜ ਵਿਦਿਆਰਥੀਆਂ ਨੇ ਰਾਸ਼ਟਰੀ ਅਤੇ ਰਾਜ ਪੱਧਰ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ ਹਨ। ਇਨ੍ਹਾਂ ਵਿਚੋਂ ਇਕ ਪੀ.ਸੀ.ਐਸ. (ਜੁਡੀਸ਼ੀਅਲ), ਇਕ ਪਨਸਪ ਵਿਚ ਫੂਡ ਇੰਸਪੈਕਟਰ, ਇਕ ਪੋਸਟ ਆਫਿਸ ਵਿਚ ਅਸਿਸਟੈਂਟ, ਇਕ ਕੈਨਰਾ ਬੈਂਕ ਵਿਚ ਕਲਰਕ ਅਤੇ ਇਕ ਸਟੇਟ ਬੈਂਕ ਆਫ ਇੰਡੀਆ ਵਿਚ ਕਲਰਕ ਨਿਯੁਕਤ ਹੋਏ ਹਨ। ਇਸ ਤੋਂ ਇਲਾਵਾ ਦਸੰਬਰ, 2014 ਵਿਚ ਹੋਈ NET ਪ੍ਰੀਖਿਆ ਵਿਚ ਸੈਂਟਰ ਦੇ 9 ਵਿਦਿਆਰਥੀਆਂ ਨੇ ਸਫਲਤਾ ਹਾਸਿਲ ਕੀਤੀ ਹੈ ਅਤੇ ਇਕ ਵਿਦਿਆਰਥਣ ਨੇ GATE ਦੀ ਪ੍ਰੀਖਿਆ ਪਾਸ ਕੀਤੀ ਹੈ।

4. **ਖੇਡ ਵਿਭਾਗ ਦੀਆਂ ਗਤੀਵਿਧਿਆਂ ਅਤੇ ਪ੍ਰਾਪਤੀਆਂ**

- 14 ਅਪ੍ਰੈਲ ਨੂੰ ਖੇਡ ਵਿਭਾਗ ਵਲੋਂ 45ਵਾਂ ਸਲਾਨਾ ਖੇਡ ਇਨਾਮ ਵੰਡ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸਾਬਕਾ ਹਾਕੀ ਖਿਡਾਰੀ ਪਦਮਸ਼੍ਰੀ ਅਜੀਤਪਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਅਵਸਰ 'ਤੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਆਲ ਇੰਡੀਆ ਇੰਟਰ-ਵਰਸਿਟੀ ਪੱਧਰ 'ਤੇ ਵੱਖ-ਵੱਖ ਖੇਡਾਂ ਵਿਚ ਯੂਨੀਵਰਸਿਟੀ ਦਾ ਨਾਂ ਰੋਸ਼ਨ ਕਰਨ ਵਾਲੇ 400 ਤੋਂ ਵੱਧ ਖਿਡਾਰੀਆਂ ਨੂੰ 50 ਲੱਖ ਰੁਪਏ ਦੇ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।
- ਯੂਨੀਵਰਸਿਟੀ ਦੀ ਅੰਤਰ ਰਾਸ਼ਟਰੀ ਖਿਡਾਰਣ ਨਵਜੀਤ ਕੌਰ ਢਿੱਲੋਂ ਨੇ ਚੀਨ ਵਿਖੇ ਮਿਤੀ 3-7 ਜੂਨ, 2015 ਨੂੰ ਹੋਈ 21st Asian Athletics Championship-2015 ਵਿਚ ਹਿੱਸਾ ਲਿਆ ਅਤੇ Discus Throw event ਵਿਚ ਛੇਵੀਂ ਪੁਜੀਸ਼ਨ ਹਾਸਿਲ ਕੀਤੀ।
- ਯੂਨੀਵਰਸਿਟੀ ਦੀ ਅੰਤਰ ਰਾਸ਼ਟਰੀ ਜੂਡੋ ਖਿਡਾਰਣ ਰਣਜੀਤਾ ਨੇ ਮਈ, 2015 ਵਿਚ Qatar ਵਿਖੇ ਹੋਈ Asian Judo Championship ਵਿਚ ਹਿੱਸਾ ਲਿਆ।
- Indian University Judo (M&W) ਟੀਮਾਂ ਜੋ ਕਿ July 3-14, 2015 ਨੂੰ ਸਾਊਥ ਕੋਰੀਆ ਵਿਖੇ ਹੋ ਰਹੀ World University Games-2015 ਵਿਚ ਹਿੱਸਾ ਲੈਣਗੀਆਂ ਵਿਚ trial ਲਈ 14 ਵਿਚੋਂ 7 ਮੈਂਬਰ ਸਾਡੀ ਯੂਨੀਵਰਸਿਟੀ ਦੇ ਖਿਡਾਰੀਆਂ ਵਿਚੋਂ ਚੁਣੇ ਗਏ ਹਨ। ਇਸ ਤੋਂ ਇਲਾਵਾ ਇਨ੍ਹਾਂ ਗੇਮਾਂ ਵਿਚ ਯੂਨੀਵਰਸਿਟੀ ਦੇ ਦੋ Athletes, ਤਿੰਨ Archers ਅਤੇ ਇਕ swimmer ਵੀ ਹਿੱਸਾ ਲੈ ਰਹੇ ਹਨ।

5. ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ ਨੂੰ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ, ਨਵੀਂ ਦਿੱਲੀ ਵਲੋਂ ਤਿੰਨ ਸਾਲ ਲਈ ਕੈਂਸਰ ਦੀਆਂ ਬਿਮਾਰੀਆਂ ਬਾਰੇ ਖੋਜ ਕਰਨ ਲਈ ਇਕ ਵੱਡਾ ਪ੍ਰੋਜੈਕਟ ਦਿੱਤਾ ਗਿਆ ਹੈ।

6. ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੀ ਡਾ. ਸਤਵਿੰਦਰਜੀਤ ਕੌਰ ਨੂੰ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ, ਨਵੀਂ ਦਿੱਲੀ ਵਲੋਂ 13.5 ਲੱਖ ਰੁਪਏ ਦਾ ਖੋਜ ਪ੍ਰੋਜੈਕਟ Studies on the anti-prolifeactive activity of glycyrrhiza glabra L poly phenols and their role in targeting cellular signaling pathways ਮਿਲਿਆ ਹੈ।

7. 8 ਮਈ ਨੂੰ ਸਪੋਰਟਸ ਹੋਸਟਲ (ਲੜਕੇ) ਅਤੇ ਯੂਨੀਵਰਸਿਟੀ ਬਿਜ਼ਨੈਸ ਸਕੂਲ ਦੀਆਂ ਇਮਾਰਤਾਂ ਦਾ ਨੀਂਹ ਪੱਥਰ ਰੱਖਿਆ ਗਿਆ, ਜਿਨ੍ਹਾਂ ਤੇ ਕ੍ਰਮਵਾਰ 6.40 ਕਰੋੜ ਰੁਪਏ ਅਤੇ 8.00 ਕਰੋੜ ਰੁਪਏ ਦੀ ਲਾਗਤ ਆਵੇਗੀ।

8. 26 ਮਾਰਚ ਨੂੰ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਸ. ਇਕਬਾਲ ਸਿੰਘ ਮੈਮੋਰੀਅਲ ਟ੍ਰੱਸਟ ਦੇ ਸਹਿਯੋਗ ਨਾਲ ਜਨਮਸਾਖੀ ਸਾਹਿਤ ਦੀ ਆਧੁਨਿਕ ਪ੍ਰਸੰਗਿਕਤਾ ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ ਜੋ ਕਿ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਮੁਖੀ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਨੇ ਦਿੱਤਾ।

9. 29 ਅਪ੍ਰੈਲ ਤੋਂ 5 ਮਈ ਤੱਕ ਕਾਮਰਸ ਵਿਭਾਗ ਵੱਲੋਂ Analytical Techniques for Research ਵਿਸ਼ੇ 'ਤੇ ਸੱਤ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸ ਦੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਮਹਾਂਰਿਸ਼ੀ ਦਯਾਨੰਦ ਯੂਨੀਵਰਸਿਟੀ, ਰੋਹਤਕ ਦੇ ਪ੍ਰੋਫੈਸਰ ਰਵਿੰਦਰ ਵਿਨਾਯਕ ਨੇ ਕੀਤੀ।

10. 1-2 ਮਈ ਨੂੰ ਯੂਨੀਵਰਸਿਟੀ ਬਿਜ਼ਨੈਸ ਸਕੂਲ ਵੱਲੋਂ Case Study Pedagogy ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਆਈ.ਆਈ.ਐਮ. ਲਖਨਊ ਦੇ ਪ੍ਰੋਫੈਸਰ ਮਨੋਜ ਆਨੰਦ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

11. 20 ਮਾਰਚ ਨੂੰ ਹਿਊਮਨ ਜੈਨੇਟਿਕਸ ਵਿਭਾਗ ਵਲੋਂ UGC-SAP (DRS-II), UGC CPEPA ਅਤੇ ISHG sponsored Genomics and Epigenomics ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿਚ ਦਿੱਲੀ ਯੂਨੀਵਰਸਿਟੀ ਦੇ Prof. B.K. Thelma ਨੇ "Tales of New Gene Discovery: The NGS Way" ਵਿਸ਼ੇ 'ਤੇ ਆਪਣੇ ਵਿਚਾਰ ਰੱਖੇ।

12. 25 ਮਾਰਚ ਨੂੰ ਹਿੰਦੀ ਵਿਭਾਗ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ ਹਿੰਦੀ ਭਾਸ਼ਾ ਅਤੇ ਸਾਹਿਤ ਦਾ ਵਰਤਮਾਨ ਸੰਦਰਭ: ਦਸ਼ਾ ਅਤੇ ਦਿਸ਼ਾ ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਸ਼੍ਰੋਮਣੀ ਸਾਹਿਤਕਾਰ ਰਵਿੰਦਰ ਕਾਲੀਆ ਨੇ ਕੁੰਜੀਵਤ ਭਾਸ਼ਣ ਦਿੱਤਾ ਅਤੇ ਪ੍ਰਸਿੱਧ ਲੇਖਿਕਾ ਮਮਤਾ ਕਾਲੀਆ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

13. ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਹੇਠ ਲਿਖੇ ਵਿਭਾਗਾਂ ਵਲੋਂ ਵੀ ਸੈਮੀਨਾਰ ਕਰਵਾਏ ਗਏ:-
   - 19 ਮਾਰਚ ਨੂੰ ਸੰਸਕ੍ਰਿਤ ਵਿਭਾਗ
   - 25 ਮਾਰਚ ਨੂੰ ਹਿਸਟਰੀ ਵਿਭਾਗ
   - 28 ਮਾਰਚ ਨੂੰ ਸੋਸ਼ਲ ਸਾਇੰਸਜ਼ ਵਿਭਾਗ
   - 30 ਮਾਰਚ ਨੂੰ ਉਰਦੂ ਪਰਸ਼ੀਅਨ ਵਿਭਾਗ

14. 20 ਮਈ ਨੂੰ ਭਾਰਤ ਵਿਚ USA ਦੇ ਅੰਬੈਸਡਰ, ਸ੍ਰੀ ਰਿਚਰਡ ਵਰਮਾ ਨੇ ਯੂਨੀਵਰਸਿਟੀ ਕੈਂਪਸ ਦਾ ਦੌਰਾ ਕੀਤਾ ਅਤੇ ਉਨ੍ਹਾਂ ਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੰਬੋਧਤ ਕੀਤਾ।

15. 21 ਮਈ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਅਕਾਦਮਿਕ ਪੱਧਰ 'ਤੇ ਯਾਦ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਲੋਂ ਸ੍ਰੀ ਸ਼ਹੀਦੀ ਸ੍ਰੋਤ ਤੇ ਸ਼ਹਾਦਤ ਦਾ ਧਰੋਹਰ ਪੰਜਵਾਂ ਨਾਨਕ ਵਿਸ਼ੇ

'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ ਜੋ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਬਲਕਾਰ ਸਿੰਘ ਨੇ ਦਿੱਤਾ।

16. **ਪੰਜਾਬੀ ਅਧਿਐਨ ਸਕੂਲ ਦੀਆਂ ਗਤੀਵਿਧੀਆਂ**

- 30 ਮਾਰਚ ਨੂੰ ਪੰਜਾਬੀ ਅਧਿਐਨ ਸਕੂਲ ਵਲੋਂ ਸਰਦਾਰਨੀ ਬਲਬੀਰ ਕੌਰ ਬਰਾੜ ਯਾਦਗਾਰੀ ਭਾਸ਼ਣ ਕਰਵਾਇਆ ਗਿਆ ਜੋ ਕਿ ਸ਼੍ਰੋਮਣੀ ਨਾਟਕਕਾਰ ਡਾ. ਆਤਮਜੀਤ ਸਿੰਘ ਨੇ ਦਿੱਤਾ।
- 31 ਮਾਰਚ ਨੂੰ ਪੰਜਾਬੀ ਅਧਿਐਨ ਸਕੂਲ ਵੱਲੋਂ ਪ੍ਰਵਾਸੀ ਪੰਜਾਬੀ ਸਾਹਿਤ: ਸਿਧਾਂਤਕ ਤੇ ਵਿਹਾਰਕ ਪਰਿਪੇਖ ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਪ੍ਰਸਿੱਧ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਮੁੱਖ ਭਾਸ਼ਣ ਦਿੱਤਾ।

17. 10 ਅਪ੍ਰੈਲ ਨੂੰ ਯੁਵਕ ਭਲਾਈ ਵਿਭਾਗ ਵਲੋਂ ਨਾਰਥ ਜ਼ੋਨ ਅਤੇ ਆਲ ਇੰਡੀਆ ਇੰਟਰ-ਵਰਸਿਟੀ ਪੱਧਰ 'ਤੇ ਹੋਏ ਯੁਵਕ ਮੇਲਿਆਂ ਦੇ ਮੁਕਾਬਲਿਆਂ ਵਿਚ ਨਾਮਣਾ ਖੱਟਣ ਵਾਲੇ ਕਲਾਕਾਰਾਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਮਿਤੀ 25 ਮਈ ਤੋਂ 6 ਜੁਲਾਈ, 2015 ਤੱਕ ਯੂਨੀਵਰਸਿਟੀ ਹੋਲੀ-ਡੇ ਹੋਮ, ਡਲਹੌਜ਼ੀ ਵਿਖੇ ਯੂਨੀਵਰਸਿਟੀ ਨਾਲ ਸਬੰਧਤ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਲਈ ਲੀਡਰਸ਼ਿਪ ਟ੍ਰੇਨਿੰਗ ਕੈਂਪ ਅਤੇ ਹਾਈਕਿੰਗ ਟਰੈਕਿੰਗ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿਚ ਤਕਰੀਬਨ 110 ਲੜਕੇ ਅਤੇ 212 ਲੜਕੀਆਂ ਹਿੱਸਾ ਲੈ ਰਹੀਆਂ ਹਨ।

18. 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ ਯੂਨੀਵਰਸਿਟੀ ਕੈਂਪਸ ਵਿਖੇ ਯੋਗ ਕੈਂਪ ਲਗਾਇਆ ਗਿਆ ਜਿਸ ਵਿਚ ਉੱਚ ਅਧਿਕਾਰੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਯੋਗ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਲਾਈਫ ਲੌਂਗ ਲਰਨਿੰਗ ਵਿਭਾਗ ਵੱਲੋਂ ਵੀ ਯੋਗ ਬਾਰੇ 20 ਦਿਨਾਂ ਸ਼ਾਰਟ ਟਰਮ ਕੋਰਸ ਸ਼ੁਰੂ ਕੀਤਾ ਗਿਆ ਹੈ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

74. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਪ੍ਰੋਫੈਸਰ ਸੁਖਦੇਵ ਸਿੰਘ ਸੋਹਲ, ਹਿਸਟਰੀ ਵਿਭਾਗ ਦੀ "Chair for Study of the Ghadar Movement" ਵਿਖੇ ਬਤੌਰ ਪ੍ਰੋਫੈਸਰ ਵਜੋਂ ਨਿਯੁਕਤੀ।**

75. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪ੍ਰੋਫੈਸਰ ਸੁਖਦੇਵ ਸਿੰਘ ਸੋਹਲ, ਹਿਸਟਰੀ ਵਿਭਾਗ, ਜੋ ਕਿ ਮਿਤੀ 30.6.2015 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਯੂਨੀਵਰਸਿਟੀ ਵਿਖੇ ਨਵੀਂ ਸਥਾਪਿਤ "Chair for Study of the Ghadar Movement" ਵਿਖੇ ਬਤੌਰ ਪ੍ਰੋਫੈਸਰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਤਨਖਾਹ (Last Pay Drawn – Pension) 'ਤੇ 11 ਮਹੀਨੇ ਲਈ ਨਿਯੁਕਤ ਕੀਤਾ ਜਾਂਦਾ ਹੈ।

**ਡਾ. ਜੋਗਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।**

76. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਜੋਗਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਨਾਮਧਾਰੀ ਗੁਰੂ ਰਾਮ ਸਿੰਘ ਚੇਅਰ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 30.7.2015 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਮਿਤੀ 30.7.2016 ਤੱਕ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।**

77. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ਼੍ਰੀ ਕੁਲ ਭੂਸ਼ਨ, ਸਹਾਇਕ ਰਜਿਸਟਰਾਰ (ਮੁੜ-ਨਿਯੁਕਤ), ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 30.6.2015 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 1.7.2015 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

(ਅ) ਸ਼੍ਰੀ ਸਕੱਤਰ ਸਿੰਘ, ਸਟੈਨੋਗ੍ਰਾਫਰ (ਮੁੜ-ਨਿਯੁਕਤ), ਲੀਗਲ ਸੈੱਲ ਜਿਸ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 30.6.2015 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 1.7.2015 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

(ੲ) ਸ਼੍ਰੀ ਪ੍ਰਤਾਪ ਚੰਦ, ਫੋਟੋ-ਸਟੇਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ (ਮੁੜ-ਨਿਯੁਕਤ), ਉਪ-ਕੁਲਪਤੀ ਦਫਤਰ, ਜਿਸ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 31.7.2015 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

(ਸ) ਸ਼੍ਰੀ ਗੁਰਦੀਪ ਸਿੰਘ, ਸੁਰੱਖਿਆ ਗਾਰਡ (ਮੁੜ-ਨਿਯੁਕਤ), ਜਿਸ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 1.7.2015 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

**ਸ਼੍ਰੀ ਵਿਜੇ ਸ਼ਰਮਾ, ਐਡਵੋਕੇਟ ਦੀ ਯੂਨੀਵਰਸਿਟੀ ਵਿਖੇ ਲੀਗਲ ਐਡਵਾਈਜ਼ਰ-ਕਮ-ਨੋਡਲ ਅਫਸਰ ਵਜੋਂ ਨਿਯੁਕਤੀ।**

78. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਵਿਜੇ ਸ਼ਰਮਾ, ਐਡਵੋਕੇਟ, 20-ਗੋਬਿੰਦਪੁਰਾ, ਅੰਮ੍ਰਿਤਸਰ ਨੂੰ 15000/- ਰੁਪਏ ਪ੍ਰਤੀ ਮਹੀਨਾ ਯਕਮੁਸ਼ਤ ਸੇਵਾਫਲ 'ਤੇ ਇਕ ਸਾਲ ਲਈ ਕੰਟ੍ਰੈਕਟ ਆਧਾਰ 'ਤੇ ਲੀਗਲ ਐਡਵਾਈਜ਼ਰ-ਕਮ-ਨੋਡਲ ਅਫਸਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ। ਉਹ ਰੋਜਾਨਾ ਕੰਮ ਵਾਲੇ ਦਿਨ 3.00 ਵਜੇ ਸ਼ਾਮ ਤੋਂ 5.00 ਵਜੇ ਤੱਕ ਦਫਤਰ ਵਿਖੇ ਆਪਣੀ ਹਾਜਰੀ ਯਕੀਨੀ ਬਣਾਉਣਗੇ ਅਤੇ ਲੋੜ ਪੈਣ 'ਤੇ ਛੁੱਟੀ ਵਾਲੇ ਦਿਨ ਜਾਂ ਕਿਸੇ ਵੀ ਅਚਨਚੇਤੀ ਕੰਮ ਪੈਣ 'ਤੇ ਦਫਤਰ ਨਾਲ ਸਹਿਯੋਗ ਕਰਨਗੇ।

**ਕੰਟ੍ਰੈਕਚੂਅਲ/ ਪਾਰਟ-ਟਾਈਮ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਨਿਯੁਕਤੀਆਂ ਸਮੇਂ** The Regulation No. 13.1 of the UGC Regulations, 2010 **ਤੋਂ ਛੋਟ ਦੀ ਪੁਸ਼ਟੀ।**

79. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਵਿਖੇ ਕੰਟ੍ਰੈਕਚੂਅਲ/ ਪਾਰਟ-ਟਾਈਮ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਨਿਯੁਕਤੀਆਂ ਸਮੇਂ ਉਨ੍ਹਾਂ ਦੀ ਗਿਣਤੀ, ਕੁੱਲ ਪ੍ਰਵਾਨਤ ਫੈਕਲਟੀ ਦੇ 10% ਤੋਂ ਵੱਧ ਜਾਣ ਕਾਰਣ The Regulation No. 13.1 of the UGC Regulations, 2010 ਤੋਂ **ਅੰਤਿਕਾ** ਦੇ ਲੜੀ ਨੰ: 3 ਅਨੁਸਾਰ ਛੋਟ ਦਿੱਤੀ ਹੈ।

NCTE **ਦੇ ਨੋਟੀਫਿਕੇਸ਼ਨ ਨੰ:** F.51-1/2014-NCTE(N&S) **ਮਿਤੀ 28.11.2014 ਅਨੁਸਾਰ ਸੈਸ਼ਨ 2015-16 ਤੋਂ** B.Ed. **ਅਤੇ** M.Ed. **ਕੋਰਸਜ਼ ਦਾ** duration **ਇਕ ਸਾਲ ਤੋਂ ਬਦਲ ਕੇ ਦੋ ਸਾਲ ਕਰਨ ਅਤੇ ਅਧਿਆਦੇਸ਼ਾਂ ਦੀ ਪ੍ਰਵਾਨਗੀ।**

80. NCTE ਦੇ ਨੋਟੀਫਿਕੇਸ਼ਨ ਨੰ: F.51-1/2014-NCTE(N&S) ਮਿਤੀ 28.11.2014 ਅਨੁਸਾਰ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਮੈਨ, ਬੋਰਡ ਆਫ ਸਟੱਡੀਜ਼, ਐਜੂਕੇਸ਼ਨ ਅਤੇ ਡੀਨ, ਫੈਕਲਟੀ ਆਫ ਐਜੂਕੇਸ਼ਨ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ B.Ed. ਅਤੇ M.Ed. ਕੋਰਸਜ਼ ਦਾ duration ਇਕ ਸਾਲ ਤੋਂ ਬਦਲ ਕੇ ਦੋ ਸਾਲ (I-IV ਸਮੈਸਟਰ) ਕਰਦਿਆਂ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਂਦੇ ਹਨ।

**ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਵਿਖੇ ਗਠਿਤ ਕਮੇਟੀ** "Committee Against Sexual Harassment" **ਵਿਚ ਨਾਵਾਂ ਦੀ ਤਬਦੀਲੀ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

81. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਕਾਲਜ ਵਿਖੇ ਸਿੰਡੀਕੇਟ ਦੀ ਇੱਕਤਰਤਾ ਮਿਤੀ 14.10.2014 ਦੀ ਮੱਦ ਨੰ: 46 ਰਾਹੀਂ ਗਠਿਤ ਕਮੇਟੀ "Committee Against Sexual Harassment" ਵਿਚ ਲੜੀ ਨੰ: 7 ਉੱਤੇ ਮਿਸ. ਸੁਖਜਿੰਦਰ ਕੌਰ ਦੀ ਥਾਂ 'ਤੇ ਸ਼੍ਰੀ ਜਸਮਿੰਦਰ ਪਾਲ ਸਿੰਘ, ਅਸਿਸਟੈਂਟ ਪ੍ਰੋਫੈਸਰ, ਇਕਨਾਮਿਕਸ ਵਿਭਾਗ ਅਤੇ ਲੜੀ ਨੰ: 9 ਉੱਤੇ ਸ਼੍ਰੀ ਰਾਕੇਸ਼ ਕੁਮਾਰ ਦੀ ਥਾਂ 'ਤੇ ਸ਼੍ਰੀ ਸੁਖਮਨਿੰਦਰ ਪਾਲ ਸਿੰਘ, ਅਸਿਸਟੈਂਟ ਪ੍ਰੋਫੈਸਰ, ਹਿਸਟਰੀ ਵਿਭਾਗ ਨੂੰ ਨਾਮਜ਼ਦ ਕੀਤਾ ਜਾਵੇ।

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਦੀ "Committee Against Sexual Harassment" ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਮਿਸ. ਰੇਸਮੀ, ਰਿਸਰਚ ਸਕਾਲਰ ਦੇ** Supervisor **ਦੀ ਤਬਦੀਲੀ ਸਪੈਸ਼ਲ ਕੇਸ ਵਜੋਂ ਕਰਨ ਦੀ ਪ੍ਰਵਾਨਗੀ।**

82. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਸ. ਰੇਸਮੀ, ਰਿਸਰਚ ਸਕਾਲਰ, ਜੋ ਕਿ Dr. Anup K. Kesavan, ਅਸਿਸਟੈਂਟ ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਦੀ Supervision ਅਧੀਨ ਕੰਮ ਕਰ ਰਹੀ ਹੈ, ਦੀ ਬੇਨਤੀ ਨੂੰ ਮੁੱਖ ਰੱਖਦਿਆਂ ਸਪੈਸ਼ਲ ਕੇਸ ਵਜੋਂ ਉਸਦਾ Supervisor, Dr. Anup K. Kesavan,

ਅਸਿਸਟੈਂਟ ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਦੀ ਥਾਂ 'ਤੇ Dr. Shyamal Koley, ਐਸੋਸੀਏਟ ਪ੍ਰੋਫੈਸਰ, ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਵਿਭਾਗ ਤਬਦੀਲ ਕਰਨ ਲਈ ਦੋਨਾਂ ਫੈਕਲਟੀਆਂ ਦੇ ਡੀਨ ਅਤੇ ਡਾਇਰੈਕਟਰ, ਰਿਸਰਚ ਦੀ ਸ਼ਿਫਾਰਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ।

**ਸੀਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿਚ ਰੁੱਝੇ ਹੋਣ ਕਾਰਣ ਬੀ.ਬੀ.ਕੇ.ਡੀ.ਏ.ਵੀ. ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਦੀਆਂ ਵਿਦਿਆਰਥਣਾਂ ਦੀਆਂ ਖੁੰਝੀਆਂ ਪ੍ਰਯੋਗੀ ਪ੍ਰੀਖਿਆਵਾਂ ਵਿਸ਼ੇਸ਼ ਤੌਰ 'ਤੇ ਕਰਵਾਉਣ ਦੀ ਪੁਸ਼ਟੀ।**

83. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਬੀ.ਬੀ.ਕੇ.ਡੀ.ਏ.ਵੀ. ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਦੀਆਂ ਹੇਠਾਂ ਦਰਸਾਈਆਂ ਵਿਦਿਆਰਥਣਾਂ, ਜਿਨ੍ਹਾਂ ਦੀ ਅਪ੍ਰੈਲ/ ਮਈ 2015 ਵਿਚ ਸੀਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿਚ ਰੁੱਝੇ ਹੋਣ ਕਾਰਣ ਪ੍ਰਯੋਗੀ ਪ੍ਰੀਖਿਆਵਾਂ ਖੁੰਝ ਗਈਆਂ ਸਨ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ, ਉਨ੍ਹਾਂ ਦੀਆਂ ਪ੍ਰਯੋਗੀ ਪ੍ਰੀਖਿਆਵਾਂ ਵਿਸ਼ੇਸ਼ ਤੌਰ 'ਤੇ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਹੈ:-

1. ਸ਼ਸ਼ੀ ਬਾਲਾ/BA Sem-II ਰੋਲ ਨੰ: 10321440319 (ਫਿਜ਼ੀਕਲ ਐਜੂਕੇਸ਼ਨ)
2. ਨਵਜੋਤ ਕੌਰ/BA Sem-II ਰੋਲ ਨੰ: 10321440293 (ਫਿਜ਼ੀਕਲ ਐਜੂਕੇਸ਼ਨ)
3. ਕਿਰਨਦੀਪ ਕੌਰ/BA Sem-IV ਰੋਲ ਨੰ: 10321339127 (ਫਿਜ਼ੀਕਲ ਐਜੂਕੇਸ਼ਨ ਤੇ ਮਿਊਜ਼ਿਕ ਵੋਕਲ)
4. ਜਸਰੀਤ ਕੌਰ/BA Sem VI, ਰੋਲ ਨੰ: 10321238825 (ਫਿਜ਼ੀਕਲ ਐਜੂਕੇਸ਼ਨ)

**ਸਬੰਧਤ ਕਾਲਜਾਂ ਦੇ ਵਿਦਿਆਰਥੀਆਂ ਨੂੰ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਵਾਉਣ ਦੀ ਪੁਸ਼ਟੀ।**

84. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ **ਅੰਤਿਕਾ** ਵਿਚ ਦਰਸਾਏ ਕਾਲਜਾਂ ਦੇ ਵਿਦਿਆਰਥੀ, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 30.4.2015 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕੇ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ ਬਣਦੀ ਸਾਧਾਰਣ ਫੀਸ ਤੋਂ ਇਲਾਵਾ 1000/- ਰੁਪਏ ਪ੍ਰਤੀ ਵਿਦਿਆਰਥੀ ਜੁਰਮਾਨਾ ਫੀਸ ਨਾਲ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਨ ਦੀ ਆਗਿਆ ਦਿੱਤੀ ਹੈ।

**LLM (One Year) ਕੋਰਸ ਦੇ ਫੀਸ ਸਟਰਕਚਰ ਦੀ ਪ੍ਰਵਾਨਗੀ।**

85. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2015-16 ਤੋਂ LLM(One Year) ਕੋਰਸ ਦਾ ਫੀਸ ਸਟਰਕਚਰ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

| Tuition Fee(Rs.) | Funds (Rs.) | Other Funds (Rs.) | Total |
|---|---|---|---|
| 26000/- | 10000/- | 3400/- | 39400/- |

**ਬੀ.ਪੀ.ਐਡ. ਦੋ ਸਾਲਾ ਕੋਰਸ ਦੇ ਅਧਿਆਦੇਸ਼ ਅਤੇ ਯੋਗਤਾ ਸ਼ਰਤ ਦੀ ਪ੍ਰਵਾਨਗੀ।**

86. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਮੈਨ, ਬੋਰਡ ਆਫ ਕੰਟਰੋਲ ਅਤੇ ਡੀਨ, ਫੈਕਲਟੀ ਆਫ ਫਿਜ਼ੀਕਲ ਐਜੂਕੇਸ਼ਨ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ ਬੀ.ਪੀ.ਐਡ. ਦੋ ਸਾਲਾ ਕੋਰਸ ਦੇ ਅਧਿਆਦੇਸ਼ ਅਤੇ ਯੋਗਤਾ ਸ਼ਰਤ (Eligibility) **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ।

**ਸੈਸ਼ਨ 2015-16 ਤੋਂ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਖੇ ਮਿਊਜ਼ਿਕ ਵੋਕਲ ਅਤੇ ਤਬਲਾ ਵਿਸ਼ੇ ਇੱਕਠਾ ਪੜ੍ਹਾਉਣ ਦੀ ਪ੍ਰਵਾਨਗੀ।**

87. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪ੍ਰਿੰਸੀਪਲ, ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ ਉਕਤ ਕਾਲਜ ਵਿਖੇ ਮਿਊਜ਼ਿਕ ਵੋਕਲ ਅਤੇ ਤਬਲਾ ਵਿਸ਼ੇ ਇੱਕਠੇ ਪੜ੍ਹਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸੈਸ਼ਨ 2016-17 ਤੋਂ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਕਾਲਜਾਂ/ ਸੰਸਥਾਵਾਂ ਵਿਚ ਅਤੇ ਨਵੇਂ ਕਾਲਜਾਂ/ ਸੰਸਥਾਵਾਂ ਵਿਚ MBA ਅਤੇ MCA ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ।**

88. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਕਾਲਜਾਂ/ ਸੰਸਥਾਵਾਂ, ਜਿਹੜੇ ਕਿ AICTE ਅਤੇ ਪੰਜਾਬ ਸਰਕਾਰ ਦੁਆਰਾ ਪ੍ਰਵਾਨਿਤ MBA ਅਤੇ MCA ਕੋਰਸ ਦੂਸਰੀਆਂ ਯੂਨੀਵਰਸਿਟੀਆਂ ਦੀ Affiliation ਅਧੀਨ ਚਲਾ ਰਹੇ ਹਨ, ਦੀ ਮੰਗ ਨੂੰ ਮੁੱਖ ਰੱਖਦਿਆਂ ਇਹ ਕੋਰਸ ਇਨ੍ਹਾਂ ਕਾਲਜਾਂ/ ਸੰਸਥਾਵਾਂ ਅਤੇ ਨਵੇਂ ਕਾਲਜਾਂ/ ਸੰਸਥਾਵਾਂ, ਜਿਹੜੇ ਇਨ੍ਹਾਂ ਕੋਰਸਾਂ ਲਈ ਇਸ ਯੂਨੀਵਰਸਿਟੀ ਨਾਲ Affiliate ਹੋਣਾ ਚਾਹੁੰਦੇ ਹਨ, ਨੂੰ ਸੈਸ਼ਨ 2016-17 ਤੋਂ ਹੇਠ ਲਿਖੀਆਂ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ MBA ਅਤੇ MCA ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. Application Processing Fee Rs. 1 lakh (to be deposited alongwith the application)
2. Inspection fee: As per existing norms of the university for giving affiliation.
3. Provisional Affiliation fee Rs. 1 lakh per unit/ per course.
4. Permanent Affiliation fee: Rs. 2 lakhs per course.
5. Endowment fund Rs. 3 lakhs in the form of Fixed Deposit Receipts as per University norms.
6. All other fees like sports fee, youth welfare fee etc. shall be applicable as per the existing University norms.

ਇਹ ਵੀ **ਪਾਸ ਹੋਇਆ** ਕਿ ਜਿਹੜੇ ਵੀ ਕਾਲਜ/ ਸੰਸਥਾਵਾਂ, ਜੋ ਇਸ ਯੂਨੀਵਰਸਿਟੀ ਨਾਲ ਇਨ੍ਹਾਂ ਕੋਰਸਾਂ ਨੂੰ ਸੈਸ਼ਨ 2016-17 ਤੋਂ ਆਰੰਭ ਕਰਨ ਲਈ Affiliate ਹੋਣਾ ਚਾਹੁੰਦੇ ਹਨ, ਉਹ affiliation ਲਈ ਮਿਤੀ 1.12.2015 ਤੱਕ

ਅਤੇ MBA ਤੇ MCA ਕੋਰਸ ਆਰੰਭ ਕਰਨ ਲਈ ਮਿਤੀ 31.1.2016 ਤੱਕ ਅਪਲਾਈ ਕਰਨਗੇ। ਇਹ ਕਾਲਜ/ ਸੰਸਥਾਵਾਂ MBA ਤੇ MCA ਕੋਰਸ ਸ਼ੁਰੂ ਕਰਨ ਲਈ AICTE ਤੋਂ ਪ੍ਰਵਾਨਗੀ ਅਤੇ ਪੰਜਾਬ ਸਰਕਾਰ ਤੋਂ NOC ਲੈਣਗੇ ਅਤੇ ਯੂਨੀਵਰਸਿਟੀ ਵੱਲੋਂ ਨਿਰਧਾਰਤ Basic requirements ਦੀ ਪੂਰਤੀ ਕਰਨਗੇ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ।**

੮੯. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | Manjeet Kumar | Isolation, Synthesis of Bioactive Molecules and Development of New Synthetic Methodologies. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 2. | Muneer Ahmad Kumar | National Rural Emlpoyment Guarantee Act and the Rural Poor: Impact Assessment (A Sociological Study of Rural Punjab). | ਸੋਸ਼ਿਆਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 3. | Priyanka Murria | Formation, functioning and Microfinance Delivery of Self-Help Groups in Delhi State. | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 4. | Ashok Kumar | Exploration and Systematics of the Grass Flora of Punjab. | ਬੋਟਨੀ- ਲਾਈਫ ਸਾਇੰਸਜ਼ ਫੈਕਲਟੀ। |
| 5. | Ranjit Singh Sandhu | An Exploratory Study of Psychomotor Abilities, Respiratory Indices and Motor Educability among Cricket Players of Different Level of Achievement. | ਫਿਜ਼ੀਕਲ ਐਜੂਕੇਸ਼ਨ- ਫਿਜ਼ੀਕਲ ਐਜੂਕੇਸ਼ਨ ਫੈਕਲਟੀ। |
| 6. | Nitasha Sharma | Determinants of Satisfaction in E-Tourism: A Study of Punjab. | ਕਾਮਰਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 7. | Akashdeep | A Scheduling Framework for IEEE802.16 Networks. | ਕੰਪਿਊਟਰ ਸਾਇੰਸ- ਇੰਜੀਨਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 8. | Parteek Prasher | Rational Design, Synthesis and Development of Peptide Appended Indoles as Anti-inflammatory Agents: Appraisal of Their Mode of Action. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 9. | Shamsher Singh | Sustainable Development and Environment Protection Laws in India with Special Reference to Air Pollution in Ludhiana City. | ਲਾਅ- ਲਾਅਜ਼ ਫੈਕਲਟੀ। |

**ਸੈਸ਼ਨ 2015-16 ਤੋਂ ਕੰਪਿਊਟਰ ਸਾਇੰਸ ਵਿਸ਼ੇ ਵਿਚ ਐਮ.ਸੀ.ਏ. ਦੀ ਯੋਗਤਾ ਰੱਖਣ ਵਾਲੇ ਫਿਕਸ ਤਨਖਾਹ ਤੇ ਨਿਯੁਕਤ ਕੀਤੇ ਜਾਣ ਵਾਲੇ ਅਧਿਆਪਕਾਂ ਦੀ ਤਨਖਾਹ ਵਿਚ ਵਾਧੇ ਦੀ ਪ੍ਰਵਾਨਗੀ।**

90. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2015-16 ਤੋਂ ਵੱਖ-ਵੱਖ ਵਿਭਾਗਾਂ ਵਿਚ ਫਿਕਸ ਤਨਖਾਹ 'ਤੇ ਨਿਯੁਕਤ ਕੀਤੇ ਜਾਣ ਵਾਲੇ ਅਧਿਆਪਕਾਂ ਦੀ ਤਨਖਾਹ ਵਿਚ ਇਕਸਾਰਤਾ ਲਿਆਉਣ ਲਈ ਕੰਪਿਊਟਰ ਸਾਇੰਸ ਵਿਸ਼ੇ ਵਿਚ ਐਮ.ਸੀ.ਏ. ਦੀ ਯੋਗਤਾ ਰੱਖਣ ਵਾਲੇ ਫਿਕਸ ਤਨਖਾਹ 'ਤੇ ਨਿਯੁਕਤ ਕੀਤੇ ਜਾਣ ਵਾਲੇ ਅਧਿਆਪਕਾਂ ਦੀ ਤਨਖਾਹ 25,000/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 27,500/- ਰੁਪਏ ਪ੍ਰਤੀ ਮਹੀਨਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸੈਸ਼ਨ 2015-16 ਲਈ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ, ਰਿਜਨਲ ਕੈਂਪਸਜ਼, ਯੂਨੀਵਰਸਿਟੀ ਕਾਲਜ, ਜਲੰਧਰ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ ਅਤੇ ਕਾਂਸਟੀਚੂਐਂਟ ਕਾਲਜਾਂ ਵਿਖੇ ਕੰਟ੍ਰੈਕਟ ਆਧਾਰ 'ਤੇ ਅਸਿਸਟੈਂਟ ਪ੍ਰੋਫੈਸਰਾਂ ਦੀ ਨਿਯੁਕਤੀ ਸਬੰਧੀ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

91. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵੱਖ-ਵੱਖ ਚੋਣ-ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਕੰਟ੍ਰੈਕਟ/ ਪਾਰਟ-ਟਾਈਮ ਆਧਾਰ 'ਤੇ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ, ਰਿਜਨਲ ਕੈਂਪਸਜ਼ (ਜਲੰਧਰ, ਗੁਰਦਾਸਪੁਰ, ਫੱਤੂ ਢੀਂਗਾ ਅਤੇ ਸਠਿਆਲਾ), ਯੂਨੀਵਰਸਿਟੀ ਕਾਲਜ, ਜਲੰਧਰ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ ਅਤੇ ਕਾਂਸਟੀਚੂਐਂਟ ਕਾਲਜਾਂ ਵਿਖੇ ਸੈਸ਼ਨ 2015-16 ਲਈ **ਅੰਤਿਕਾ** ਅਨੁਸਾਰ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਨਿਯੁਕਤੀਆਂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਅਧਿਆਪਕਾਂ ਦੀ ਤਰੱਕੀ ਲਈ ਵੱਖ-ਵੱਖ ਸਕਰੀਨਿੰਗ ਕਮੇਟੀਆਂ ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

92. ਹੇਠਾਂ ਦਰਸਾਏ ਅਨੁਸਾਰ ਅਧਿਆਪਕਾਂ ਦੀ ਤੱਰਕੀ ਲਈ ਵੱਖ-ਵੱਖ ਸਕਰੀਨਿੰਗ ਕਮੇਟੀਆਂ ਦੀਆਂ ਸਿਫਾਰਸ਼ਾਂ ਉੱਤੇ **ਅੰਤਿਕਾ** ਅਨੁਸਾਰ ਵਿਚਾਰ ਹੋਈ:-

**Placement in the Next Stage**

1. Mr. Pinto Emerson, Asstt. Professor, Architecture (Stage II to Stage III)
2. Dr. Baljinder Singh Bal, Asstt. Professor, Physical Education (Stage I to Stage II)
3. Ms. Maman Paul, Asstt. Professor, Sports Medicine & Physiotherapy (Stage I to Stage II)
4. Dr. Manvinder Singh, Asstt. Professor, Guru Nanak Studies (Stage II to Stage III)
5. Mrs. Taqdir, Asstt. Professor, Computer Sc., RC, Gurdaspur (Stage I to Stage II)
6. Dr. Kulvir Kaur, Asstt. Librarian, Bhai Gurdas Library (Stage I to Stage II)
7. Dr. Rajwant Kaur, Asstt. Librarian, Bhai Gurdas Library (Stage I to Stage II)

**ਪਾਸ ਹੋਇਆ** ਕਿ ਹੇਠਾਂ ਦਰਸਾਏ ਅਨੁਸਾਰ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਯੋਗ ਹੋਣ ਦੀ ਮਿਤੀ ਤੋਂ ਪਲੇਸ ਕੀਤਾ ਜਾਂਦਾ ਹੈ:-

| | |
|---|---|
| 1. Mr. Pinto Emerson, Asstt. Professor, Architecture | From Stage II to stage III in scale of Rs.15600-39100+ 8000 AGP |
| 2. Dr. Baljinder Singh Bal, Asstt. Professor, Physical Education(T) | From Stage I to stage II in scale of Rs.15600-39100+ 7000 AGP |
| 3. Ms. Maman Paul, Asstt. Professor, Sports Medicine & Physiotherapy | From Stage I to stage II in scale of Rs.15600-39100+ 7000 AGP |
| 4. Dr. Manvinder Singh, Asstt. Professor, Guru Nanak Studies | From Stage II to stage III in scale of Rs.15600-39100+ 8000 AGP |
| 5. Mrs. Taqdir, Asstt. Professor, Computer Sc. & Engg., RC, Gurdaspur | From Stage I to stage II in scale of Rs.15600-39100+ 7000 AGP |
| 6. Dr. Kulvir Kaur, Asstt. Librarian, Bhai Gurdas Library | From Stage I to stage II in scale of Rs.15600-39100+ 7000 AGP |
| 7. Dr. Rajwant Kaur, Asstt. Librarian, Bhai Gurdas Library | From Stage I to stage II in scale of Rs.15600-39100+ 7000 AGP |

**ਡਾ. ਏ.ਕੇ. ਠੁਕਰਾਲ, ਪ੍ਰੋਫੈਸਰ (ਰਿਟਾ.) (ਮੁੜ-ਨਿਯੁਕਤ), ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ, ਦੀ ਮਿਆਦ ਵਿਚ ਹੋਰ ਦੋ ਸਾਲ ਦਾ ਵਾਧਾ।**

93. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਏ.ਕੇ. ਠੁਕਰਾਲ, ਪ੍ਰੋਫੈਸਰ (ਰਿਟਾ.), ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਦੋ ਸਾਲ ਦੀ ਮਿਆਦ ਮਿਤੀ 30.6.2015 ਨੂੰ ਖਤਮ ਹੋਣੀ ਹੈ, ਸਬੰਧੀ ਸਿੰਡੀਕੇਟ ਦੀ ਇੱਕਤਰਤਾ ਮਿਤੀ 18.3.2015 ਦੇ ਪੈਰਾ ਨੰ: 46 ਰਾਹੀਂ ਲਏ ਨਿਰਣੇ ਅਨੁਸਾਰ ਉਨ੍ਹਾਂ ਦੇ ਪਿਛਲੇ ਤਿੰਨ ਸਾਲ ਦੇ ਖੋਜ ਕਾਰਜ ਦੀ ਅਸੈਸਮੈਂਟ ਰਿਪੋਰਟ ਲੈਣ ਸਬੰਧੀ ਤਿੰਨ ਵਿਸ਼ਾ ਵਿਸ਼ੇਸ਼ਗਾਂ (Subject Experts) ਦੀਆਂ ਰਿਪੋਰਟਾਂ **(ਅੰਤਿਕਾ ਅਨੁਸਾਰ)** ਹਾਂ ਪੱਖੀ ਹੋਣ ਕਾਰਣ ਉਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਹੋਰ ਦੋ ਸਾਲ ਦਾ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਸ਼ਾਖਾ/ਵਿਭਾਗ ਦਾ ਨਾਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

94. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਜਨਰਲ ਸ਼ਾਖਾ ਵਿਖੇ 4,91,443-71 ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ

ਕਮੇਟੀ ਦੀ ਇਕੱਤਰਤਾ ਮਿਤੀ 5.6.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਕਾਨੂੰਨ ਵਿਭਾਗ ਵਿਖੇ 7,16,288-30 ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 12.6.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਡਾ. ਰਜਨੀਸ਼ ਅਰੋੜਾ, ਡਾਇਰੈਕਟਰ ਪਲੇਸਮੈਂਟ(ਰਿਟਾ.), ਪਲੇਸਮੈਂਟ ਵਿਭਾਗ ਦੇ ਲੀਵ ਪੀਰੀਅਡ ਬਾਰੇ ਪ੍ਰਾਪਤ ਆਦੇਸ਼ ਅਤੇ ਪ੍ਰੀ-ਮੈਚਿਊਰ ਰਿਟਾਇਰਮੈਂਟ ਦੇ ਬਣਦੇ ਲਾਭਾਂ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ।**

95. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 18.3.2015 ਦੇ ਪੈਰਾ ਨੰ: 62 ਦੇ ਲੜੀ ਨੰ: (V) 'ਤੇ ਦਰਜ ਆਦੇਸ਼ਾਂ ਅਨੁਸਾਰ ਡਾ. ਰਜਨੀਸ਼ ਅਰੋੜਾ, ਡਾਇਰੈਕਟਰ ਪਲੇਸਮੈਂਟ(ਰਿਟਾ.), ਪਲੇਸਮੈਂਟ ਵਿਭਾਗ ਦੇ ਲੀਵ ਪੀਰੀਅਡ ਬਾਰੇ (ਮਿਤੀ 23.12.2014 ਤੋਂ 18.1.2015 ਤੱਕ) ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਪ੍ਰਾਪਤ ਆਦੇਸ਼ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੇ ਜਾਂਦੇ ਹਨ ਅਤੇ ਮਿਤੀ 20.3.2015 ਤੋਂ ਪ੍ਰੀ-ਮੈਚਿਊਰ ਰਿਟਾਇਰਮੈਂਟ ਦੇ ਬਣਦੇ ਲਾਭਾਂ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਡਾ. ਸੁਖਪ੍ਰੀਤ ਸਿੰਘ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ।**

96. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | Dr. Sukhprit Singh, Professor, Deptt. of Chemistry. | 12th International Conference on Materials Chemistry to be held in University of York, UK from 22-23 July, 2015. |

**ਡਾ. ਸ਼ਵੇਤਾ ਸ਼ਿਨੋਏ ਦੇਵਰਾਜ, ਐਸੋਸੀਏਟ ਪ੍ਰੋਫੈਸਰ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਨੂੰ ਨਵੀਂ ਦਿੱਲੀ ਜਾਣ ਲਈ ਅੱਧੀ ਤਨਖਾਹ 'ਤੇ ਛੁੱਟੀ ਦੀ ਪ੍ਰਵਾਨਗੀ।**

97. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸ਼ਵੇਤਾ ਸ਼ਿਨੋਏ ਦੇਵਰਾਜ, ਐਸੋਸੀਏਟ ਪ੍ਰੋਫੈਸਰ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਨੂੰ ਆਪਣੇ ਬੱਚੇ ਦੀ ਦੇਖਭਾਲ ਲਈ ਨਵੀਂ ਦਿੱਲੀ ਜਾਣ ਲਈ ਮਿਤੀ 13.7.2015 ਤੋਂ 9.10.2015 ਤੱਕ ਕੁੱਲ 89 ਦਿਨਾਂ ਦੀ ਅੱਧੀ ਤਨਖਾਹ 'ਤੇ ਛੁੱਟੀ ਸਮੇਤ ਸਟੇਸ਼ਨ ਲੀਵ ਪ੍ਰਵਾਨ ਕੀਤੀ ਜਾਂਦੀ ਹੈ।

**ਡਾ. ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਪ੍ਰਵਾਨ ਕੀਤੀ ਵਿੱਤੀ ਸਹਾਇਤਾ ਰੱਦ ਕਰਨ ਦੀ ਪ੍ਰਵਾਨਗੀ।**

98. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਮਿਤੀ 15-18 ਮਈ, 2015 ਨੂੰ China ਵਿਖੇ Symposium ਅਟੈਂਡ ਕਰਨ ਲਈ ਸਿੰਡੀਕੇਟ ਦੀ ਇੱਕਤਰਤਾ ਮਿਤੀ 18.3.2015 ਦੇ ਪੈਰਾ ਨੰ: 4 ਰਾਹੀਂ ਪ੍ਰਵਾਨ ਹੋਈ ਵਿੱਤੀ ਸਹਾਇਤਾ, ਉਨ੍ਹਾਂ ਨੂੰ Visa ਦੇਰੀ ਨਾਲ ਮਿਲਣ ਕਾਰਨ, Symposium ਨਾਂ ਅਟੈਂਡ ਕਰਨ ਕਰਕੇ ਰੱਦ ਕੀਤੀ ਜਾਂਦੀ ਹੈ।

B.A.LL.B(FYIC) Semester System **ਦੇ ਅਧਿਆਦੇਸ਼ ਦੀ ਪ੍ਰਵਾਨਗੀ।**

99. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2015-16 ਤੋਂ B.A.LL.B. (FYIC) Semester System ਦੇ ਅਧਿਆਦੇਸ਼, ਜੋ ਕਿ B.Com.LL.B(FYIC) (Semester System) 'ਤੇ ਵੀ ਲਾਗੂ ਹੋਣਗੇ, **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਂਦੇ ਹਨ।

**ਸੈਸ਼ਨ 2015-16 ਦੇ ਦੋ ਸਾਲਾ B.Ed. ਕੋਰਸ ਦੀ Centaralized online admission ਦੀ ਪ੍ਰਕਿਰਿਆ ਵਿਚ Self-financing ਕਾਲਜਾਂ ਪਾਸੋਂ 25,000/- ਰੁਪਏ Counselling fee ਲੈਣ ਦੀ ਪ੍ਰਵਾਨਗੀ।**

100. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਦੀ ਹਦਾਇਤ ਅਨੁਸਾਰ, ਇਸ ਯੂਨੀਵਰਸਿਟੀ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨਾਲ affiliated ਕਾਲਜਾਂ ਦੇ ਸੈਸ਼ਨ 2015-16 ਦੇ ਦੋ ਸਾਲਾ B.Ed. ਕੋਰਸ ਦੀ Centaralized online admission ਦੀ ਪ੍ਰਕਿਰਿਆ ਵਿਚ, Co-ordinator, B.Ed. Admission 2015-16 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਉਕਤ ਯੂਨੀਵਰਸਿਟੀਆਂ ਦੇ Self-financing ਕਾਲਜਾਂ ਪਾਸੋਂ 25,000/- ਰੁਪਏ Counselling fee ਲੈਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਡਾ. ਮਨਦੀਪ ਕੌਰ, ਐਸੋਸੀਏਟ ਪ੍ਰੋਫੈਸਰ, ਕਾਮਰਸ ਵਿਭਾਗ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ।**

101. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | Dr. Mandeep Kaur, Associate Professor, Deptt. of Commerce. | 8th International Convention on Asia-Pacific Tourism: Innovations and Challenges in the age of m-Commerce to be held in Manila, Philippines from 27-31 July, 2015. |

Internal Committee against Sexual Harrasment ਦੀ ਇੱਕਤਰਤਾ ਮਿਤੀ 17.3.2015 ਦੇ ਆਧਾਰ 'ਤੇ ਉਸਦੀ ਰਿਪੋਰਟ ਮਿਤੀ 21.3.2015 'ਤੇ ਕਾਰਵਾਈ ਕਰਨਾ।

102. ਇਸ ਮੱਦ 'ਤੇ ਵਿਚਾਰ ਸਮੇਂ ਡਾ. ਗੁਰਪ੍ਰੀਤ ਬੱਲ, Presiding Officer-cum-Convener, Internal Committee Against Sexual Harrassment ਨੂੰ ਇੱਕਤਰਤਾ ਵਿਚ ਬੁਲਾਇਆ ਗਿਆ ਅਤੇ ਉਨ੍ਹਾਂ ਵੱਲੋਂ ਕੇਸ ਨਾਲ ਸਬੰਧਤ ਤੱਥਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪੇਸ਼ ਕੀਤੀ ਗਈ। ਇਸ ਜਾਣਕਾਰੀ ਅਤੇ Statements of Witnesses and Documents ਦੇ ਆਧਾਰ 'ਤੇ ਸਮੂਹ ਮੈਂਬਰ ਸਾਹਿਬਾਨ ਵੱਲੋਂ ਭਰਪੂਰ ਵਿਚਾਰ-ਵਟਾਂਦਰਾ ਕਰਨ ਉਪਰੰਤ

**Resolved that:**

An attested copy of the report dated 21.3.2015 as per the proceedings of meeting dated 17.3.2015 of the Internal Committee against Sexual Harassment along with all its complete enclosures may be sent by the office of the Vice-Chancellor in a **sealed cover** to Dr. R.S.S. Kaler in terms of section 13 of the "Sexual Harassment of Women at workplace (Prevention, Prohibtion and Redressal) Act/ Rules, 2013", read with statuate 33 of Guru nanak Dev University Amritsar Calender-2007 Volume-I, Page 32-34, and he be asked to submit to the Vice-Chancellor his reply to the said report in a sealed cover within 21 days of its receipt, and his reply so received be put up to the Syndicate for further action.

**Further Resolved that:**

An attested copy of the said report dated 21.3.2015 alongwith all its complete enclosures may also be sent by the office of the Vice-Chancellor in a sealed cover by registered post to the complainant, Ms. Rajwinder Kaur, Research Scholar, in terms of section 13(1) of the said Act for her information.

Internal Committee against Sexual Harrasment ਦੀ ਇੱਕਤਰਤਾ ਮਿਤੀ 17.3.2015 ਦੀ ਸਿਫਾਰਸ਼ ਦੇ ਆਧਾਰ 'ਤੇ ਉਸਦੀ ਰਿਪੋਰਟ ਮਿਤੀ 21.3.2015 'ਤੇ ਕਾਰਵਾਈ ਕਰਨੀ।

103. ਇਸ ਮੱਦ 'ਤੇ ਵਿਚਾਰ ਸਮੇਂ ਡਾ. ਗੁਰਪ੍ਰੀਤ ਬੱਲ, Presiding Officer-cum-Convener, Internal Committee Against Sexual Harrassment ਨੂੰ ਇੱਕਤਰਤਾ ਵਿਚ ਬੁਲਾਇਆ ਗਿਆ ਅਤੇ ਉਨ੍ਹਾਂ ਵੱਲੋਂ ਕੇਸ ਨਾਲ ਸਬੰਧਤ ਤੱਥਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪੇਸ਼ ਕੀਤੀ ਗਈ। ਇਸ ਜਾਣਕਾਰੀ ਅਤੇ Statements of Witnesses and Documents ਦੇ ਆਧਾਰ 'ਤੇ ਸਮੂਹ ਮੈਂਬਰ ਸਾਹਿਬਾਨ ਵੱਲੋਂ ਭਰਪੂਰ ਵਿਚਾਰ-ਵਟਾਂਦਰਾ ਕਰਨ ਉਪਰੰਤ

**Resolved that:**

An attested copy of the report dated 21.3.2015 as per the proceedings of meeting dated 17.3.2015 of the Internal Committee against Sexual Harassment along with all its complete enclosures may be sent by the office of the Vice-Chancellor in a **sealed cover** to Dr. Rajinder Singh Sandhu in terms of section 13 of the "Sexual Harassment of Women at workplace (Prevention, Prohibtion and Redressal) Act/ Rules, 2013", read with statuate 33 of Guru nanak Dev University Amritsar Calender-2007 Volume-I, Page 32-34, and he be asked to submit to the Vice-Chancellor his reply to the said

report in a sealed cover within 21 days of its receipt, and his reply so received be put up to the Syndicate for further action.

**Further Resolved that:**

An attested copy of the said report dated 21.3.2015 alongwith all its complete enclosures may also be sent by the office of the Vice-Chancellor in a sealed cover by registered post to the complainant, Ms. Shaista Akhtar, M.Phil., Scholar, in terms of section 13(1) of the said Act for her information.

**ਰੈਗੂਲੇਸ਼ਨਜ਼ ਕਮੇਟੀ ਦੀਆਂ ਇੱਕਤਰਤਾਵਾਂ ਮਿਤੀ 17.6.2015 ਅਤੇ 28.6.2015 ਦੀਆਂ ਸਿਫ਼ਾਰਸ਼ਾਂ ਨੂੰ review ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

104. ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਇੱਕਤਰਤਾਵਾਂ ਮਿਤੀ 17.6.2015 ਅਤੇ 28.6.2015 ਦੀਆਂ ਸਿਫ਼ਾਰਸ਼ਾਂ ਉੱਤੇ **ਅੰਤਿਕਾ** ਅਨੁਸਾਰ ਵਿਚਾਰ ਹੋਈ।

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਇੱਕਤਰਤਾਵਾਂ ਮਿਤੀ 17.6.2015 ਅਤੇ 28.6.2015 ਦੀਆਂ ਸਿਫ਼ਾਰਸ਼ਾਂ ਨੂੰ review ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਨੋਟ:-** ਰੈਗੂਲੇਸ਼ਨਜ਼ ਕਮੇਟੀ ਦੀਆਂ ਇੱਕਤਰਤਾਵਾਂ ਮਿਤੀ 17.6.2015 ਅਤੇ 28.6.2015 ਦੀਆਂ ਸਿਫ਼ਾਰਸ਼ਾਂ review ਕਰਨ ਉਪਰੰਤ **ਅੰਤਿਕਾ ਅਨੁਸਾਰ** ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਪ੍ਰੋਫੈਸਰ ਅਵਿਨਾਸ਼ ਕੌਰ ਨਾਗਪਾਲ, ਡਾਇਰੈਕਟਰ, Human Resource Development Centre ਨੂੰ UGC ਦੀਆਂ ਗਾਈਡਲਾਈਨਜ਼ ਅਨੁਸਾਰ 10,000/- ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਜਾਰੀ ਕਰਨ ਦੀ ਪ੍ਰਵਾਨਗੀ।**

105. ਵਿਚਾਰ ਉਪਰੰਤ

**ਪਾਸ ਹੋਇਆ** ਕਿ UGC ਵੱਲੋਂ ਜਾਰੀ ਕੀਤੀਆਂ ਨਵੀਆਂ ਗਾਈਡਲਾਈਨਜ਼ ਅਨੁਸਾਰ ਪ੍ਰੋਫੈਸਰ ਅਵਿਨਾਸ਼ ਕੌਰ ਨਾਗਪਾਲ, ਡਾਇਰੈਕਟਰ, Human Resource Development Centre ਨੂੰ 01 ਫਰਵਰੀ, 2015 ਤੋਂ ਡਾਇਰੈਕਟਰ ਵਜੋਂ Additional Charge ਸੌਂਪਣ ਦੇ ਇਵਜ਼ ਵਿਚ 10,000/- ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਏਜੰਡਾ ਖਤਮ ਹੋਣ ਉਪਰੰਤ ਸਮੂਹ ਮੈਂਬਰ ਸਾਹਿਬਾਨ ਵੱਲੋਂ ਪ੍ਰੋਫੈਸਰ ਅਜਾਇਬ ਸਿੰਘ ਬਰਾੜ, ਉਪ-ਕੁਲਪਤੀ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ ਹੋਣ 'ਤੇ ਮਾਨਯੋਗ ਮੁੱਖ ਮੰਤਰੀ, ਪੰਜਾਬ ਸ. ਪਰਕਾਸ਼ ਸਿੰਘ ਜੀ ਬਾਦਲ ਅਤੇ His Excellency, ਪ੍ਰੋ. ਕਪਤਾਨ ਸਿੰਘ ਸੋਲੰਕੀ, ਗਵਰਨਰ, ਪੰਜਾਬ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ ਅਤੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ:-

1. **ਡਾ. ਪਰਮਜੀਤ ਸਿੰਘ:-**

ਉਨ੍ਹਾਂ ਨੇ ਕਿਹਾ ਕਿ ਉਹ ਪ੍ਰੋ. ਅਜਾਇਬ ਸਿੰਘ ਬਰਾੜ, ਉਪ-ਕੁਲਪਤੀ ਦੇ ਕਾਰਜਕਾਲ ਵਿਚ ਵਾਧੇ ਲਈ ਉਚੇਚੇ ਤੌਰ 'ਤੇ ਮਾਨਯੋਗ ਮੁੱਖ ਮੰਤਰੀ, ਪੰਜਾਬ ਸ. ਪਰਕਾਸ਼ ਸਿੰਘ ਜੀ ਬਾਦਲ ਅਤੇ His Excellency, ਪ੍ਰੋ. ਕਪਤਾਨ ਸਿੰਘ ਸੋਲੰਕੀ, ਗਵਰਨਰ, ਪੰਜਾਬ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦੇ ਹਨ ਅਤੇ ਕਿਹਾ

ਕਿ ਉਪ-ਕੁਲਪਤੀ ਸਾਹਿਬ ਦੇ ਕਾਰਜਕਾਲ ਵਿਚ ਇਸ ਯੂਨੀਵਰਸਿਟੀ ਨੇ, ਜੋ ਅਕਾਦਮਿਕ, ਰਿਸਰਚ, ਸਪੋਰਟਸ ਅਤੇ ਕਲਚਰਲ ਪੱਖੋਂ ਤਰੱਕੀ ਕੀਤੀ ਹੈ, ਇਹ ਸਭ ਉਸੇ ਦਾ ਹੀ ਨਤੀਜਾ ਹੈ।

2.**ਡਾ. ਡੀ.ਐਨ. ਜੌਹਰ:-**

ਉਨ੍ਹਾਂ ਨੇ ਕਿਹਾ ਕਿ ਪ੍ਰੋ. ਅਜਾਇਬ ਸਿੰਘ ਬਰਾੜ, ਉਪ-ਕੁਲਪਤੀ ਦੇ ਕਾਰਜਕਾਲ ਵਿਚ ਹੋਰ ਵਾਧਾ ਹੋਣ 'ਤੇ ਉਹ ਮਾਨਯੋਗ ਮੁੱਖ ਮੰਤਰੀ, ਪੰਜਾਬ ਸ. ਪਰਕਾਸ਼ ਸਿੰਘ ਜੀ ਬਾਦਲ ਅਤੇ His Excellency, ਪ੍ਰੋ. ਕਪਤਾਨ ਸਿੰਘ ਸੋਲੰਕੀ, ਗਵਰਨਰ, ਪੰਜਾਬ ਅਤੇ ਪੰਜਾਬ ਸਰਕਾਰ ਦਾ ਬਹੁਤ-ਬਹੁਤ ਧੰਨਵਾਦ ਕਰਦੇ ਹਨ। ਇਹ ਸਭ ਕੁੱਝ ਉਪ-ਕੁਲਪਤੀ ਸਾਹਿਬ ਦੀ ਅਗਾਂਹਵਧੂ ਸੋਚ ਅਤੇ ਯੂਨੀਵਰਸਿਟੀ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਦਾ ਹੀ ਨਤੀਜਾ ਹੈ।

3. **ਸ. ਜਗਦੀਸ਼ ਸਿੰਘ:-**

ਉਨ੍ਹਾਂ ਨੇ ਕਿਹਾ ਕਿ ਇਸ ਕਾਰਜਕਾਲ ਦੇ ਵਾਧੇ ਨਾਲ ਪ੍ਰੋ. ਅਜਾਇਬ ਸਿੰਘ ਬਰਾੜ ਸਭ ਤੋਂ ਲੰਮਾ ਕਾਰਜਕਾਲ ਪ੍ਰਾਪਤ ਕਰਨ ਵਾਲੇ ਯੂਨੀਵਰਸਿਟੀ ਦੇ ਦੂਸਰੇ ਉਪ-ਕੁਲਪਤੀ ਬਣ ਗਏ ਹਨ। ਇਸ ਤੋਂ ਪਹਿਲਾਂ ਸ. ਬਿਸ਼ਨ ਸਿੰਘ ਸਮੁੰਦਰੀ ਨੂੰ ਅਜਿਹਾ ਮਾਣ ਹਾਸਲ ਸੀ। ਉਪ-ਕੁਲਪਤੀ ਸਾਹਿਬ ਨੇ ਇਹ ਮਾਣ ਹਾਸਲ ਕਰਕੇ ਯੂਨੀਵਰਸਿਟੀ ਦੇ ਇਤਿਹਾਸ ਵਿਚ ਇਕ ਪ੍ਰਭਾਵਸ਼ਾਲੀ ਜਗ੍ਹਾ ਬਣਾਈ ਹੈ।

4. **ਡਾ. ਸ਼ਰਨਜੀਤ ਸਿੰਘ ਢਿੱਲੋਂ:-**

ਉਨ੍ਹਾਂ ਨੇ ਕਿਹਾ ਕਿ ਪ੍ਰੋ. ਅਜਾਇਬ ਸਿੰਘ ਬਰਾੜ, ਉਪ-ਕੁਲਪਤੀ ਦੇ ਕਾਰਜਕਾਲ ਵਿਚ ਹੋਰ ਵਾਧੇ ਲਈ ਉਹ ਮਾਨਯੋਗ ਮੁੱਖ ਮੰਤਰੀ, ਪੰਜਾਬ ਸ. ਪਰਕਾਸ਼ ਸਿੰਘ ਜੀ ਬਾਦਲ ਅਤੇ His Excellency, ਪ੍ਰੋ. ਕਪਤਾਨ ਸਿੰਘ ਸੋਲੰਕੀ, ਗਵਰਨਰ, ਪੰਜਾਬ, ਕੈਬਨਿਟ ਮੰਤਰੀ ਉਚੇਰੀ ਸਿੱਖਿਆ ਸ. ਸੁਰਜੀਤ ਸਿੰਘ ਰੱਖੜਾ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਨੂੰ ਯਕੀਨ ਹੈ ਕਿ ਆਉਣ ਵਾਲੇ ਸਮੇਂ ਵਿਚ ਵੀ ਪ੍ਰੋ. ਅਜਾਇਬ ਸਿੰਘ ਬਰਾੜ, ਉਪ-ਕੁਲਪਤੀ ਆਪਣੀਆਂ ਵਧੀਆ ਨੀਤੀਆਂ ਅਤੇ ਅਗਾਂਹਵਧੂ ਸੋਚ ਨਾਲ ਇਸ ਯੂਨੀਵਰਸਿਟੀ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਣਗੇ।

ਸਮੂਹ ਮੈਂਬਰ ਸਾਹਿਬਾਨ ਨੇਂ ਇਨ੍ਹਾਂ ਭਾਵਨਾਵਾਂ ਨਾਲ ਸਹਿਮਤੀ ਪ੍ਰਗਟਾਈ ਅਤੇ ਉਪ-ਕੁਲਪਤੀ ਜੀ ਨੂੰ ਕਾਰਜਕਾਲ ਵਿਚ ਵਾਧੇ ਲਈ ਵਧਾਈ ਦਿੱਤੀ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

ਸ਼.ਸ.ਢਿੱਲੋਂ

(ਸ਼ਰਨਜੀਤ ਸਿੰਘ ਢਿੱਲੋਂ)
ਰਜਿਸਟਰਾਰ

ਪੱਕੀ ਕੀਤੀ ਗਈ:

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ